Ban2510.docx

# ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਕੀ ਹੈ {ਨਾਮੁ, ਭਾਗ ੧}

## What is Naam according to Guru Granth Sahib {Naam, Part 1}

ਅਕਾਲ ਪੁਰਖੁ ਦੇ ਨਾਮ ਅਣਗਿਣਤ ਹਨ, ਅਕਾਲ ਪੁਰਖੁ ਦੇ ਗੁਣ ਭੀ ਬੇਅੰਤ ਹਨ, ਬਿਆਨ ਨਹੀਂ ਕੀਤੇ ਜਾ ਸਕਦੇ, ਅਕਾਲ ਪੁਰਖੁ ਅਪਹੁੰਚ ਹੈ, ਅਕਾਲ ਪੁਰਖੁ ਮਾਨੋ ਅਥਾਹ ਸਮੁੰਦਰ ਹੈ। ਫਿਰ ਸਵਾਲ ਪੈਦਾ ਹੁੰਦਾ ਹੈ, ਕਿ ਅਕਾਲ ਪੁਰਖੁ ਦੇ ਸੇਵਕ ਭਗਤ ਉਸ ਨੂੰ ਕਿਵੇਂ ਮਿਲਦੇ ਹਨ? ਹੋਰਨਾਂ ਨੂੰ ਕਿਵੇਂ ਮਿਲਾਂਦੇ ਹਨ? ਉਤਰ ਹੈ, ਕਿ ਅਕਾਲ ਪੁਰਖੁ ਦੇ ਸੇਵਕ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਂਦਿਆਂ ਆਪ ਉਸ ਨੂੰ ਮਿਲਦੇ ਹਨ, ਤੇ ਹੋਰਨਾਂ ਨੂੰ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਨਾਲ ਜੋੜਦੇ ਹਨ, ਤੇ ਇਸ ਤਰ੍ਹਾਂ ਉਹਨਾਂ ਤੋਂ ਅਕਾਲ ਪੁਰਖੁ ਦੇ ਨਾਮ ਜਪਾਂਦੇ ਹਨ ਤੇ ਉਨ੍ਹਾਂ ਨੂੰ ਭੀ ਉਸ ਅਕਾਲ ਪੁਰਖੁ ਦੇ ਨਾਲ ਮਿਲਾ ਦੇਂਦੇ ਹਨ। ਪਰੰਤੂ ਅਕਾਲ ਪੁਰਖੁ ਦੇ ਗੁਣਾਂ ਦੀ ਕੀਮਤ ਰਤਾ ਭਰ ਭੀ ਨਹੀਂ ਪੈ ਸਕਦੀ। ਉਸ ਅਕਾਲ ਪੁਰਖੁ ਦੇ ਦਰ ਤੇ ਅਰਦਾਸ ਹੀ ਕਰਨੀ ਚਾਹੀਦੀ ਹੈ ਕਿ ਹੇ ਅਪਹੁੰਚ ਅਕਾਲ ਪੁਰਖੁ! ਆਪਣੇ ਦਾਸ ਨਾਨਕ ਨੂੰ ਆਪਣੇ ਲੜ ਲਾ ਕੇ ਆਪਣੇ ਚਰਨਾਂ ਵਿਚ ਮਿਲਾ ਲੈ।

ਮਃ ੪ ॥ ਹਰਿ ਹਰਿ ਨਾਮ ਅਸੰਖ ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥ ਹਰਿ ਹਰਿ ਅਗਮੁ ਅਗਾਧਿ ਹਰਿ ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥ ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥ ਜਨ ਨਾਨਕ ਹਰਿ ਅਗਮ ਪ੍ਰਭ ਹਰਿ ਮੇਲਿ ਲੈਹੁ ਲੜਿ ਲਾਇ ॥੨॥ {1316}

ਜਪੁ ਜੀ ਸਾਹਿਬ ਵਿਚ ਪਹਿਲੀ ਵਾਰ ਨਾਮੁ ਦੀ ਵਰਤੋਂ ਸਿਰਫ ਹੇਠ ਲਿਖੀ ਅਕਾਲ ਪੁਰਖੁ ਦੀ ਪ੍ਰੀਭਾਸ਼ਾ ਵਿਚ ਕੀਤੀ ਗਈ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ॥ ਜਪੁ ॥ {੧}

ਉਸ ਤੋਂ ਬਾਅਦ ਜਪੁ ਜੀ ਸਾਹਿਬ ਵਿਚ ਸਿਰਫ ਹੁਕਮੁ ਦੀ ਵਰਤੋਂ ਪਹਿਲੀ, ਦੂਜੀ ਤੇ ਤੀਜੀ ਪਉੜੀ ਵਿਚ ਹੀ ਕੀਤੀ ਗਈ ਹੈ। ਪਰੰਤੂ ਜਪੁ ਜੀ ਸਾਹਿਬ ਵਿਚ ਨਾਮੁ ਦੀ ਵਰਤੋਂ ਅਸਲ ਵਿਚ ਪਹਿਲੀ ਵਾਰ ਚੌਥੀ ਪਉੜੀ ਵਿਚ ਹੀ ਕੀਤੀ ਗਈ ਹੈ। ਉਸ ਤੋਂ ਬਾਅਦ ਨਾਮੁ ਬਾਰੇ ਹੌਲੀ ਹੌਲੀ ਜਾਣਕਾਰੀ ਦੇਣੀ ਆਰੰਭ ਕੀਤੀ ਗਈ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ, ਕਿ ਨਾਮੁ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਸਾਨੂੰ ਹੁਕਮੁ ਬਾਰੇ ਜਾਣਕਾਰੀ ਹਾਸਲ ਕਰਨੀ ਬਹੁਤ ਜਰੂਰੀ ਹੈ।

ਅੱਜਕਲ ਦੇ ਕਈ ਬਾਬੇ ਗੁਰਬਾਣੀ ਦੇ ਸਬਦ ਨੂੰ ਗਲਤ ਤਰੀਕੇ ਨਾਲ ਬੋਲ ਕੇ ਆਪਣਾ ਮੰਤਵ ਸਿੱਧ ਕਰਨ ਲਈ ਅਰਥ ਕਰਦੇ ਰਹਿੰਦੇ ਹਨ, ਜੋ ਕਿ ਕਈ ਵਾਰ ਠੀਕ ਨਹੀਂ ਹੁੰਦੇ ਹਨ।

ਗੁਰੂ ਸਾਹਿਬਾਂ ਦਾ ਮੰਤਵ ਸੀ ਕਿ ਸਚ ਦਾ ਗਿਆਨ ਆਮ ਲੋਕਾਂ ਤਕ ਆਸਾਨੀ ਨਾਲ ਪਹੁੰਚ ਸਕੇ। ਇਸੇ ਲਈ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਸ਼ਬਦਾਵਲੀ ਜਿਆਦਾ ਤਰ ਪੁਰਾਣੀ ਹੀ ਵਰਤੀ ਹੈ। ਗੁਰੂ ਸਾਹਿਬਾਂ ਨੇ ਕੁਝ ਕੁ ਨਵੇਂ ਸਬਦ ਵਰਤੇ ਹਨ, ਜਿਵੇਂ ਕਿ ਅੰਮ੍ਰਿਤ ਵੇਲਾ, ਜੀਵਨ ਮੁਕਤ, ਅਕਾਲ ਪੁਰਖੁ, ਆਦਿ। ਬਾਕੀ ਬਹੁਤ ਸਾਰੇ ਸਬਦ ਉਸ ਸਮੇਂ ਚਲ ਰਹੀ ਭਾਸ਼ਾ ਦੇ ਹੀ ਲਏ ਹਨ, ਜਿਵੇਂ ਕਿ ਨਾਮ, ਸਿਮਰਨ, ਮੁਕਤੀ, ਦਾਨ, ਆਦਿ। ਸ਼ੰਕੇ ਦੂਰ ਕਰਨ ਲਈ ਹਰੇਕ ਸਬਦ ਦੀ ਪ੍ਰੀਭਾਸ਼ਾ ਵੀ ਗੁਰਬਾਣੀ ਵਿਚ ਵਿਸਥਾਰ ਨਾਲ ਲਿਖੀ ਦਿਤੀ ਹੈ, ਤਾਂ ਜੋ ਸਾਨੂੰ ਕਿਸੇ ਤਰ੍ਹਾਂ ਦਾ ਭੁਲੇਖਾ ਨਾ ਪਵੇ। ਪਰੰਤੂ ਜਦੋਂ ਅਸੀਂ ਗੁਰਬਾਣੀ ਦੇ ਅਰਥ ਪੁਰਾਤਨ ਸ਼ਬਦਾਵਲੀ ਜਾਂ ਕਿਸੇ ਹੋਰ ਡਿਕਸ਼ਨਰੀ ਅਨੁਸਾਰ ਕਰਦੇ ਹਾਂ ਤਾਂ ਧੋਖਾ ਖਾਂ ਜਾਂਦੇ ਹਾਂ। ਇਹੀ ਹਾਲ ਸਾਡਾ ਨਾਮੁ, ਹੁਕਮੁ, ਸੇਵਾ, ਆਦਿ ਦੇ ਅਰਥ ਕਰਨ ਸਮੇਂ ਹੁੰਦਾ ਹੈ। ਅੱਜ ਅਸੀਂ ਬਹੁਤ ਵੱਡੇ ਪੱਧਰ ਤੇ ਧੋਖੇ ਖਾ ਰਹੇ ਹਾਂ, ਕਿਉਂਕਿ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਗਿਆਨ ਘਟ ਹੈ ਤੇ ਬਾਹਰਲੇ ਧਰਮਾਂ, ਦੂਸਰੀਆਂ ਡਿਕਸ਼ਨਰੀਆਂ ਤੇ ਟੀ.ਵੀ. ਸੋਸਲ ਮੀਡੀਆ ਜਾਂ ਅਖਬਾਰ ਦਾ ਦਿਤਾ ਗਿਆਨ ਬਹੁਤ ਜਿਆਦਾ ਹੈ। ਅੱਜਕਲ ਤਾਂ ਗੁਰਬਾਣੀ ਗਾਇਨ ਕਰਦੇ ਸਮੇਂ ਸਬਦ ਵਿਚ ਵਾਧ ਘਾਟ ਕਰਨਾ, ਅੱਗੇ ਪਿਛੇ ਕਰਨਾ ਤਾਂ ਆਮ ਫੈਸ਼ਨ ਹੋ ਗਿਆ ਹੈ। ਅਰਥ ਕਰਦੇ ਸਮੇਂ ਵੀ ਅਸੀਂ ਸੇਧ ਗੁਰੂ ਗਰੰਥ ਸਾਹਿਬ ਵਿਚੋਂ ਲੈਣ ਦੀ ਬਜਾਏ, ਆਪਣੀ ਮੱਤ ਅਨੁਸਾਰ ਅਦਲਾ ਬਦਲੀ ਕਰਦੇ ਰਹਿੰਦੇ ਹਾਂ।

ਨਾਮੁ, ਹੁਕਮੁ, ਸਚ, ਆਦਿ ਭਾਂਵੇ ਵੱਖਰੇ ਵੱਖਰੇ ਵਿਸ਼ੇ ਹਨ, ਪਰੰਤੂ ਇਨ੍ਹਾਂ ਦਾ ਆਪਸ ਵਿਚ ਸਬੰਧ ਵੀ ਹੈ। ਇਸ ਲਈ ਇਹ ਧਿਆਨ ਵਿਚ ਰੱਖਣਾਂ ਹੈ, ਕਿ ਗੁਰਮਤਿ ਅਨੁਸਾਰ ਨਾਮੁ {Naam} ਦਾ ਅਰਥ ਕੋਈ ਇਕ ਲਫਜ਼, ਭਾਵ ਨਾਂ {Name} ਨਹੀਂ ਹੋ ਸਕਦਾ।

ਜਦੋਂ ਅਸੀਂ ਗੁਰਬਾਣੀ ਦੀ ਡੂੰਘਿਆਈ ਵਿੱਚ ਜਾਂਦੇ ਤਾਂ ਸਮਝ ਆਉਂਦੀ ਹੈ, ਕਿ ਨਾਮੁ ਅਤੇ ਹੁਕਮੁ ਵਿੱਚ ਜਿਆਦਾ ਅੰਤਰ ਨਹੀਂ। ਇਨ੍ਹਾਂ ਦਾ ਆਪਸੀ ਸਬੰਧ ਹੈ। ਇਸ ਦੇ ਪ੍ਰਮਾਣ ਲਈ ਕਈ ਸਬਦ ਗੁਰੂ ਗਰੰਥ ਸਾਹਿਬ ਵਿੱਚ ਅੰਕਿਤ ਹਨ। ਕੁਝ ਕੁ ਆਪ ਜੀ ਨਾਲ ਸਾਂਝੇ ਕੀਤੇ ਜਾ ਰਹੇ ਹਨ। ਗੁਰਮਤਿ ਅਨੁਸਾਰ ਸਤਸੰਗਤਿ ਉਹ ਹੈ, ਜਿੱਥੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਸਲਾਹਿਆ ਜਾਂਦਾ ਹੈ, ਸਮਝਾਇਆ ਜਾਂਦਾ ਹੈ। ਨਾਮੁ ਹੁਕਮੁ ਹੈ, ਜਿਸ ਦਾ ਗੁਰੂ ਕੋਲੋ ਪਤਾ ਲਗਦਾ ਹੈ। ਇਸ ਦਾ ਭਾਵ ਇਹ ਹੈ, ਕਿ ਹੁਕਮੁ ਗੁਰਬਾਣੀ ਰਾਹੀਂ ਹੀ ਬੁਝਿਆ ਜਾ ਸਕਦਾ ਹੈ। ਇਸ ਲਈ ਨਾਮੁ ਤੇ ਹੁਕਮੁ ਦੀ ਸੋਝੀ ਸਬਦ ਗੁਰੂ ਦੀ ਸੰਗਤ ਵਿੱਚ ਹੀ ਹੋ ਸਕਦੀ ਹੈ।

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ {੭੧-੭੨}

ਸਾਰੀ ਸ੍ਰਿਸ਼ਟੀ ਵਿਚ ਉਸ ਅਕਾਲ ਪੁਰਖ ਦਾ ਹੁਕਮੁ ਵੀ ਚੱਲ ਰਿਹਾ ਹੈ, ਤੇ ਸਾਰੀ ਸ੍ਰਿਸ਼ਟੀ ਵਿਚ ਨੀਵੇਂ ਤੋਂ ਨੀਵੇਂ ਥਾਂ ਤੇ ਉਸ ਅਕਾਲ ਪੁਰਖ ਦਾ ਨਾਮੁ ਵੀ ਵੱਜ ਰਿਹਾ ਹੈ। ਸਭ ਜੀਵਾਂ ਵਿਚ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਦਿਤੀ ਹੋਈ ਜੀਵਨ ਜੋਤਿ ਵਿਚਰ ਰਹੀ ਹੈ। ਜਿਸ ਕਿਸੇ ਨੂੰ ਅਕਾਲ ਪੁਰਖ ਮਿਲਦਾ ਹੈ, ਉਹ ਅਬਿਨਾਸੀ ਅਕਾਲ ਪੁਰਖ ਆਪਣੀ ਮਿਹਰ ਨਾਲ ਹੀ ਮਿਲਦਾ ਹੈ। ਸਾਰੀ ਸ੍ਰਿਸ਼ਟੀ ਵਿਚ, ਅਕਾਲ ਪੁਰਖ ਦਾ ਹੁਕਮੁ ਵੀ ਚੱਲ ਰਿਹਾ ਹੈ, ਨਾਮੁ ਵੀ ਵੱਜ ਰਿਹਾ ਹੈ, ਤੇ ਸਬਦ ਵੀ ਵਰਤ ਰਿਹਾ ਹੈ।

ਮਲਾਰ ਮਹਲਾ ੧ ॥ ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ {੧੨੭੫}

"ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ", ਅਕਾਲ ਪੁਰਖੁ ਦਾ ਹੁਕਮੁ ੪ ਦਿਸ਼ਾਂ ਵਿਚ ਵਰਤ ਰਿਹਾ ਰਿਹਾ ਹੈ। "ਚਹੁ ਦਿਸਿ ਨਾਮ ਪਤਾਲੰ", ਅਕਾਲ ਪੁਰਖੁ ਦਾ ਨਾਮੁ, {੪ ਦਿਸ਼ਾਂ + ਪਤਾਲੰ = ੪+੪+੨}, ੧੦ ਦਿਸ਼ਾਂ ਵਿਚ ਵਰਤ ਰਿਹਾ ਹੈ। "ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ", ਸਭ ਵਿਚ ਸਬਦ ਵੀ ਵਰਤ ਰਿਹਾ ਹੈ। ਭਾਵ ਸਾਰੀ ਸ੍ਰਿਸ਼ਟੀ ਵਿਚ ਅਕਾਲ ਪੁਰਖੁ ਦਾ ਨਾਮੁ, ਹੁਕਮੁ ਤੇ ਸਬਦ ਵਰਤ ਰਿਹਾ ਹੈ। ਅਕਾਲ ਪੁਰਖੁ ਦਾ ਨਾਮੁ; ਹੁਕਮੁ ਅਤੇ ਸਬਦ ਦੋਵਾਂ ਤੋਂ ਉਪਰ ਹੈ। ਭਾਵ ਅਕਾਲ ਪੁਰਖੁ ਦੇ ਨਾਮੁ ਵਿਚ ਸਭ ਕੁਝ ਆ ਜਾਂਦਾ ਹੈ {ਜਿਸ ਤਰ੍ਹਾਂ ਕਿ, ਹੁਕਮੁ, ਸਬਦੁ, ਸਚੁ, ਅੰਮ੍ਰਿਤ ਆਦਿ} ਸਾਰੀ ਸ੍ਰਿਸ਼ਟੀ ਦੇ ਜੀਅ ਜੰਤ, ਜਗਤ ਦੇ ਸਾਰੇ ਭਾਗ, ਸਾਰੇ ਅਕਾਸ਼ ਪਤਾਲ, ਚੰਦ, ਸੂਰਜ, ਤਾਰੇ, ਤੇ ਸਾਰੇ ਸਰੀਰ, ਅਕਾਲ ਪੁਰਖ ਦੇ ਨਾਮੁ ਦੇ ਆਸਰੇ ਟਿਕਾਏ ਹੋਏ ਹਨ।

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ {੨੮੪}

ਸਾਰੀ ਕਾਇਨਾਤ, ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ, ਉਸ ਆਕਾਲ ਪੁਰਖੁ ਦੇ ਨਾਮੁ ਦੇ ਅੰਦਰ ਹੀ ਹੈ।

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ {੪}

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ {ਸੈਭੰ}, ਅਤੇ ਆਪ ਹੀ ਆਪਣਾ ਨਾਮ ਬਣਾਇਆ ਹੈ। ਫਿਰ, ਉਸ ਨੇ ਕੁਦਰਤ ਰਚੀ {ਕਰਤਾ} ਅਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ {ਪੁਰਖੁ} ਇਸ ਜਗਤ ਦਾ ਆਪ ਤਮਾਸ਼ਾ ਵੇਖਣ ਲੱਗ ਪਿਆ ਹੈ। ਹੇ ਅਕਾਲ ਪੁਰਖ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਅਤੇ ਆਪ ਹੀ ਇਹਨਾਂ ਦੇ ਸਾਜਣ ਵਾਲਾ ਹੈ। ਤੂੰ ਆਪ ਹੀ ਤ੍ਰੁੱਠ ਕੇ ਜੀਵਾਂ ਨੂੰ ਦੇਂਦਾ ਹੈ ਅਤੇ ਬਖ਼ਸ਼ਸ਼ ਕਰਦਾ ਹੈ। ਤੂੰ ਸਭਨਾਂ ਜੀਆਂ ਦਾ ਜਾਣਨਹਾਰ ਹੈ। ਜਿੰਦ ਅਤੇ ਸਰੀਰ ਦੇ ਕੇ ਤੂੰ ਆਪ ਹੀ ਲੈ ਲਵੇਂਗਾ, ਭਾਵ, ਤੂੰ ਆਪ ਹੀ ਜਿੰਦ ਤੇ ਸਰੀਰ ਦੇਂਦਾ ਹੈ, ਆਪ ਹੀ ਮੁੜ ਵਾਪਿਸ ਲੈ ਲੈਂਦਾ ਹੈ। ਤੂੰ ਕੁਦਰਤ ਵਿਚ ਆਸਣ ਜਮਾ ਕੇ ਆਪਣੇ ਹੁਕਮੁ ਅੰਦਰ ਇਹ ਸਭ ਤਮਾਸ਼ਾ ਵੇਖ ਰਿਹਾ ਹੈ। ਇਸ ਲਈ ਅਕਾਲ ਪੁਰਖ ਨੇ ਪਹਿਲਾਂ ਆਪ ਹੀ ਆਪਣੇ ਆਪ ਨੂੰ ਸਾਜਿਆ {ਸੈਭੰ}, ਅਤੇ ਆਪ ਹੀ ਆਪਣਾ ਨਾਮ ਵੀ ਬਣਾਇਆ ਹੈ। ਫਿਰ ਅਕਾਲ ਪੁਰਖੁ ਕੁਦਰਤਿ ਵਿਚ ਆਪਣਾ ਆਸਣੁ ਬਣਾ ਕੇ, ਆਪਣੇ ਹੁਕਮੁ ਅਨੁਸਾਰ ਸਾਰੀ ਕੁਦਰਤ ਦੀ ਸੰਭਾਲ ਕਰ

ਰਿਹਾ ਹੈ। ਇਸ ਸਬਦ ਅਨੁਸਾਰ ਵੀ ਅਕਾਲ ਪੁਰਖੁ ਨੇ ਆਪਣਾ ਆਪ ਤੇ ਨਾਮ ਪਹਿਲਾਂ ਸਾਜਿਆ ਤੇ ਫਿਰ ਆਪਣੇ ਹੁਕਮੁ ਅੰਦਰ ਸਭ ਕੁਝ ਚਲਾ ਰਿਹਾ ਹੈ।

ਪਉੜੀ ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ {463}

ਗੁਰਬਾਣੀ ਵਿੱਚ ਸ੍ਰਿਸ਼ਟੀ ਦੀ ਰਚਨਾ, ਜਿਥੇ ਨਾਮੁ ਦੇ ਆਸਰੇ ਦੱਸੀ ਗਈ ਹੈ। ਉਥੇ ਕਈ ਸ਼ਬਦਾ ਵਿੱਚ ਉਹੀ ਰਚਨਾ ਹੁਕਮੁ ਅਨੁਸਾਰ ਹੁੰਦੀ ਕਿਹਾ ਗਿਆ ਹੈ। ਆਕਾਸ਼ ਤੇ ਪਤਾਲ ਦੇ ਵਿਚਲਾ ਸਾਰਾ ਜਗਤ ਰੂਪੀ ਤਖ਼ਤ ਅਕਾਲ ਪੁਰਖ ਨੇ ਹੀ ਬਣਾਇਆ ਹੈ, ਉਸ ਨੇ ਆਪਣੇ ਹੁਕਮੁ ਵਿਚ ਹੀ, ਧਰਤੀ ਜੀਵਾਂ ਦੇ ਧਰਮ ਕਮਾਣ ਲਈ ਬਣਾਈ ਹੈ। ਦੀਨਾਂ ਤੇ ਦਇਆ ਕਰਨ ਵਾਲਾ ਤੇ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖ, ਆਪ ਹੀ ਜੀਵਾਂ ਨੂੰ ਪੈਦਾ ਕਰ ਕੇ, ਆਪ ਹੀ ਨਾਸ ਕਰਦਾ ਹੈ। ਅਕਾਲ ਪੁਰਖ ਦਾ ਹੁਕਮੁ ਅਨੋਖਾ ਹੈ, ਜੋ ਕਿ ਸਭ ਜੀਵਾਂ ਨੂੰ ਰਿਜ਼ਕ ਪਹੁੱਚਾਉਂਦਾ ਹੈ। ਅਕਾਲ ਪੁਰਖ ਹਰ ਥਾਂ ਖ਼ੁਦ ਆਪ ਮੌਜੂਦ ਹੈ ਤੇ ਆਪ ਹੀ ਜੀਵਾਂ ਦੀ ਪਾਲਣਾ ਕਰਦਾ ਹੈ।

ਪਉੜੀ ॥ ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥ ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥ ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥ ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥ ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥ {੭੮੫}

ਗੁਰਬਾਣੀ ਦੇ ਇਸ ਹੇਠ ਲਿਖੇ ਸਬਦ ਅਨੁਸਾਰ, ਅਕਾਲ ਪੁਰਖੁ ਦੇ ਸਬਦੇ ਅਨੁਸਾਰ ਹੀ, ਜਗਤ ਦੀ ਉਤਪੱਤੀ ਹੁੰਦੀ ਹੈ ਤੇ ਸਬਦੇ ਅਨੁਸਾਰ ਹੀ ਜਗਤ ਦਾ ਨਾਸ ਹੁੰਦਾ ਹੈ। ਇਥੇ ਸਬਦੇ ਦਾ ਭਾਵ, ਨਾਮੁ ਜਾਂ ਹੁਕਮੁ ਅਨੁਸਾਰ ਹੀ ਹੈ।

ਮਾਝ ਮਹਲਾ ੩ ॥ ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥ (੧੧੭)

ਫਰੀਦ ਸਾਹਿਬ ਬਾਣੀ ਵਿੱਚ ਸਮਝਾਉਂਦੇ ਹਨ, ਕਿ ਜਿਨ੍ਹਾਂ ਨੇ ਪਾਲਣਹਾਰ, ਬੇਅੰਤ ਅਤੇ ਅਪਹੁੰਚ ਅਕਾਲ ਪੁਰਖ ਦੇ ਸਚੁ ਨੂੰ ਸਮਝ ਲਿਆ ਹੈ, ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ।

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥ {੪੮੮}

ਉਹ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖ ਸਭ ਜੀਵਾਂ ਵਿਚ ਵੱਸਦਾ ਹੈ ਤੇ ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸੇ ਦਾ ਕੀਤਾ ਹੀ ਹੋ ਰਿਹਾ ਹੈ। ਕਬੀਰ ਸਾਹਿਬ ਆਪਣੀ ਰਚਨਾ ਵਿੱਚ ਸਮਝਾਉਂਦੇ ਹਨ, ਕਿ ਅਸਲੀ ਮਨੁੱਖ ਉਹ ਹੈ, ਜੋ ਕਿ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ ਤੇ ਉਸ ਇਕ ਅਕਾਲ ਪੁਰਖ ਨਾਲ ਸਾਂਝ ਪਾਂਦਾ ਹੈ।

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ {੧੩੫੦}

ਇਨ੍ਹਾਂ ਦੋਹਾਂ ਸ਼ਬਦਾ ਨੂੰ ਸਾਂਝੇ ਵੇਖਿਆ ਜਾਵੇ ਤਾਂ ਸਮਝ ਆਉਂਦੀ ਹੈ, ਕਿ ਅਕਾਲ ਪੁਰਖੁ ਦੇ ਹੁਕਮੁ ਨੂੰ ਪਛਾਨਣਾਂ ਜਰੂਰੀ ਹੈ, ਤੇ ਸਚੁ ਨੂੰ ਪਛਾਨਣਾਂ ਵੀ ਜਰੂਰੀ ਹੈ। ਇਸ ਲਈ ਹੁਕਮੁ ਤੇ ਸਚੁ ਦਾ ਵੀ ਅਪਸੀ ਸਬੰਧ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰਬਾਣੀ ਅਨੁਸਾਰ ਨਾਮੁ, ਹੁਕਮੁ, ਸਬਦ ਤੇ ਸਚੁ ਦਾ ਆਪਸੀ ਸਬੰਧ ਹੈ। ਇਨ੍ਹਾਂ ਵਿੱਚ ਜਿਆਦਾ ਅੰਤਰ ਨਹੀਂ।

ਨਾਮੁ, ਹੁਕਮੁ ਸਚੁ ਤੇ ਸਬਦ ਬਾਰੇ ਅਸੀਂ ਗੁਰੂ ਦੇ ਸਬਦ, ਭਾਵ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਹੀ ਸਮਝ ਸਕਦੇ ਹਾਂ। ਨਾਮੁ ਨੂੰ ਸਮਝਣ ਲਈ, ਹੁਕਮੁ, ਸਚੁ, ਗੁਰੁ ਸਬਦ ਨੂੰ ਸਮਝਣਾ ਪਵੇਗਾ। ਸਚੁ, ਨੂੰ ਸਮਝਣ ਲਈ ਹੁਕਮੁ, ਤੇ ਗੁਰੁ ਸਬਦ ਨੂੰ ਸਮਝਣਾ ਪਵੇਗਾ। ਹੁਕਮੁ, ਨੂੰ ਸਮਝਣ ਲਈ ਸਚੁ ਤੇ ਗੁਰੁ ਸਬਦ ਨੂੰ ਸਮਝਣਾ ਪਵੇਗਾ। ਗੁਰੁ ਦੇ ਸਬਦ, ਨੂੰ ਸਮਝਣ ਲਈ ਗੁਰਬਾਣੀ, ਸੱਚੀ ਬਾਣੀ, ਗੁਰੁ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਚੰਗੀ ਤਰ੍ਹਾਂ ਵੀਚਾਰਨਾ ਤੇ ਸਮਝਣਾ ਪਵੇਗਾ। ਗੁਰੁ ਗਰੰਥ ਸਾਹਿਬ ਵਿਚ ਮਨ ਦੇ ਹੁਕਮੁ ਬਾਰੇ ਬਹੁਤ ਵਿਸਥਾਰ ਨਾਲ ਸਮਝਾਇਆ ਗਿਆ ਹੈ। ਤਨ/ਪਦਾਰਥ ਦੇ ਹੁਕਮੁ ਬਾਰੇ ਸੰਕੇਤ ਮਿਲਦੇ ਹਨ। ਤਨ/ਪਦਾਰਥ ਦੇ ਹੁਕਮੁ ਬਾਰੇ ਸਾਨੂੰ ਸਇੰਸ ਤੇ ਹੋਰ ਵਿਸ਼ਿਆਂ ਤੋਂ ਜਾਣਕਾਰੀ ਲੈਂਣੀ ਪਵੇਗੀ। ਮਨੁੱਖ ਦਾ ਅਕਾਲ ਪੁਰਖੁ ਨਾਲ ਸਬੰਧ ਸਬਦ ਦੁਆਰਾ ਹੀ ਹੋ ਸਕਦਾ ਹੈ, ਜਾਂ ਦੂਸਰੇ ਲਫਜ਼ਾਂ ਵਿਚ ਇਹ ਵੀ ਕਹਿ ਸਕਦੇ ਹਾਂ, ਕਿ ਨਾਮੁ ਦੀ ਪ੍ਰਾਪਤੀ ਤੇ ਹੁਕਮੁ ਸਬੰਧੀ ਜਾਣਕਾਰੀ, ਗੁਰੂ ਦੇ ਸਬਦੁ ਦੁਆਰਾ ਹੀ ਹੋ ਸਕਦੀ ਹੈ।

ਗੁਰੂ ਸਾਹਿਬਾਂ ਦੇ ਸਮੇਂ ਦੁਰਾਨ, ਸਿੱਖਾਂ ਦੇ ਮਨਾਂ ਵਿਚੋਂ, ਨਾਮੁ, ਹੁਕਮੁ, ਤੇ ਸਚੁ ਸਬੰਧੀ, ਸਾਰੇ ਸ਼ੰਕੇ ਦੂਰ ਹੋ ਚੁਕੇ ਸਨ। ਪਰੰਤੂ, ਅੱਜਕਲ ਦੇ ਸਿੱਖਾਂ ਵਿਚ ਇਨ੍ਹਾਂ ਸਬੰਧੀ ਬਹੁਤ ਭਾਰੀ ਭੁਲੇਖੇ ਹਨ। ਇਸ ਦਾ ਕਾਰਨ ਇਹੀ ਲਗਦਾ ਹੈ, ਕਿ ਲੋਕਾਂ ਨੇ, ਗੁਰੂ ਸਾਹਿਬ ਦੇ ਸਮੇਂ ਦੀ ਸੱਚੀ ਸਿਖਿਆ ਤੇ ਸਰਲ ਭਾਸ਼ਾ ਤਿਆਗ ਦਿਤੀ ਹੈ। ਗੁਰਬਾਣੀ ਵਿਚੋਂ, ਸਬਦ ਅਨੁਸਾਰ ਸਮਝਣ ਦੀ ਬਜਾਏ, ਕੁਝ ਹੋਰ ਹੀ ਸੋਚ ਅਪਨਾ ਲਈ ਹੈ। ਇਸ ਲਈ ਜੇਕਰ ਜੀਵਨ ਦੀ ਸਚਾਈ ਸਮਝਣਾ ਚਾਹੁੰਦੇ ਹਾਂ, ਤਾਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਚੰਗੀ ਤਰ੍ਹਾਂ ਵੀਚਾਰਨਾ ਪਵੇਗਾ, ਹੋਰ ਸਭ ਤਰ੍ਹਾਂ ਦੀ ਸਿਖਿਆ ਤਿਆਗਣੀ ਪਵੇਗੀ।

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਆਪ ਤਮਾਸ਼ਾ ਵੇਖਣ ਲੱਗ ਪਿਆ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈ। ਆਪ ਹੀ ਪ੍ਰਸੰਨ ਹੋ ਕੇ ਜੀਵਾਂ ਨੂੰ ਦੇਂਦਾ ਹੈ ਤੇ ਬਖ਼ਸ਼ਸ਼ਾਂ ਕਰਦਾ ਹੈ। ਅਕਾਲ ਪੁਰਖ ਸਭਨਾਂ ਜੀਆਂ ਦਾ ਜਾਣਨਹਾਰ ਹੈ, ਉਹ ਆਪ ਹੀ ਜਿੰਦ ਤੇ ਸਰੀਰ ਦੇਂਦਾ ਹੈ, ਤੇ ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖ ਆਪਣੀ ਬਣਾਈ ਹੋਈ ਕੁਦਰਤ ਵਿਚ ਆਪਣਾ ਆਸਣ ਜਮਾ ਕੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਿਹਾ ਹੈ।

ਪਉੜੀ ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ {੪੬੩}

ਜਿਹੜਾ ਮਨੁੱਖ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਦਾ ਹੈ, ਤੇ ਆਪਣੀ ਹਉਮੈਂ ਨੂੰ ਸਬਦ ਦੁਆਰਾ ਖਤਮ ਕਰ ਲੈਂਦਾ ਹੈ, ਉਹੀ ਮਨੁੱਖ ਅਕਾਲ ਪੁਰਖੁ ਦਾ ਭਗਤੁ ਕਹਿਲਾ ਸਕਦਾ ਹੈ। ਅਕਾਲ ਪੁਰਖੁ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮੁ ਹੀ ਸਭ ਸੁਖਾਂ ਦੀ ਮਣੀ ਹੈ, ਭਾਵ ਅਕਾਲ ਪੁਰਖੁ ਦਾ ਨਾਮੁ ਹੀ ਸਭ ਸੁਖਾਂ ਦਾ ਮੂਲ ਹੈ ਤੇ ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ।

ਗਉੜੀ ਸੁਖਮਨੀ ਮ: ੫ ॥ ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ {੨੬੨}

ਜੇ ਕਰ ਮੈਂ ਸੁਖ ਚਾਹੁੰਦਾ ਹਾਂ, ਅੰਮ੍ਰਿਤ ਚਾਹੁੰਦਾ ਹਾਂ, ਤਾਂ ਨਾਮੁ ਦਾ ਟਿਕਾਣਾ ਮੈਨੂੰ ਆਪਣੇ ਅੰਦਰ ਕਰਨਾ ਪਵੇਗਾ। ਜਿਹੜਾ ਮਨੁੱਖ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਦਾ ਹੈ, ਆਪਣੀ ਹਉਮੈਂ ਨੂੰ ਸਬਦ ਦੁਆਰਾ ਖਤਮ ਕਰ ਲੈਂਦਾ ਹੈ, ਉਹੀ ਮਨੁੱਖ ਅਕਾਲ ਪੁਰਖੁ ਦਾ ਭਗਤੁ ਕਹਿਲਾ ਸਕਦਾ ਹੈ। ਚਿਟਾ ਚੋਲਾ ਪਾਉਣ ਨਾਲ, ਭਗਤ ਨਹੀਂ ਬਣ ਸਕਦੇ ਹਾਂ।


ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਮਹਲਾ ੩ ਘਰ ੩ ॥ ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥ ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥ ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥ ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥ ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥ {੭੬੮}

ਜਿਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ ਰਹਿ ਕੇ ਆਪਣੇ ਅੰਦਰ ਅਕਾਲ ਪੁਰਖ ਨੂੰ ਵੇਖਿਆ ਹੈ, ਉਸ ਨੂੰ ਅਕਾਲ ਪੁਰਖ ਦਾ ਨਾਮੁ ਮਿਠਾ ਤੇ ਪਿਆਰਾ ਲੱਗਣ ਲੱਗ ਪੈਂਦਾ ਹੈ। ਜਗਤ ਦੇ ਸਾਰੇ ਪਦਾਰਥ ਉਸ ਨੂੰ ਇਕ ਅਕਾਲ ਪੁਰਖ ਵਿਚ ਹੀ ਲੀਨ ਦਿੱਸਦੇ ਹਨ, ਉਸ ਨੂੰ ਅਕਾਲ ਪੁਰਖ ਤੋਂ ਹੀ ਅਨੇਕਾਂ ਕਿਸਮਾਂ ਦੇ ਰੰਗ ਤਮਾਸ਼ੇ ਨਿਕਲੇ ਹੋਏ ਦਿਖਾਈ ਦੇਂਦੇ ਹਨ। ਮਨੁੱਖ ਦੇ ਸਰੀਰ ਵਿਚ ਅਕਾਲ ਪੁਰਖ ਦੇ ਉਸ ਨਾਮੁ ਦਾ ਟਿਕਾਣਾ ਹੋ ਜਾਂਦਾ ਹੈ, ਜੋ ਕਿ ਮਾਨੋ, ਜਗਤ ਦੇ ਨੌਂ ਖ਼ਜ਼ਾਨਿਆਂ ਦੇ ਬਰਾਬਰ ਹੈ ਤੇ ਅੰਮ੍ਰਿਤ ਹੈ। ਮਨੁੱਖ ਦੀ ਅੰਦਰਲੀ ਸੁਰਤਿ ਅਕਾਲ ਪੁਰਖ ਨਾਲ ਜੁੜੀ ਰਹਿੰਦੀ ਹੈ, ਤੇ, ਅਜੇਹਾ ਆਨੰਦ ਬਣਿਆ ਰਹਿੰਦਾ ਹੈ, ਜਿਹੜਾ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਇਹ ਆਨੰਦ ਉਸ ਮਨੁੱਖ ਨੇ ਹੀ ਵੇਖਿਆ ਹੈ, ਜਿਸ ਨੂੰ ਅਕਾਲ ਪੁਰਖ ਆਪ ਵਿਖਾਉਂਦਾ ਹੈ ਤੇ ਅਸਲੀ ਆਨੰਦ ਦੀ ਸਮਝ ਬਖ਼ਸ਼ਦਾ ਹੈ।

ਅਸਟਪਦੀ ॥ ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ {੨੯੩}

ਉਪਰ ਲਿਖਿਆ ਸਬਦ ਸਪੱਸ਼ਟ ਕਰਦਾ ਹੈ ਕਿ ਅਕਾਲ ਪੁਰਖ ਦਾ ਨਾਮੁ ਹੀ ਅੰਮ੍ਰਿਤ ਹੈ, ਜਿਹੜਾ ਕਿ ਸਬਦ ਗੁਰੂ ਦੀ ਸੰਗਤਿ ਵਿਚ ਰਹਿ ਕੇ ਆਪਣੇ ਅੰਦਰ ਵੇਖਿਆ ਜਾ ਸਕਦਾ ਹੈ।

ਨਲਕੇ ਵਿਚੋਂ ਪਾਣੀ ਕੱਡਣਾ ਸ਼ੁਰੂ ਕਰਨ ਲਈ ਪਹਿਲਾਂ ਪਾਣੀ ਪਾਉਂਣਾ ਪੈਂਦਾ ਹੈ, ਇਸੇ ਤਰ੍ਹਾਂ ਅੰਮ੍ਰਿਤ ਕੱਡਣ ਲਈ ਪਹਿਲਾ ਨਾਮੁ ਰੂਪੀ ਬਾਣੀ ਪਾਉਂਣੀ ਪੈਂਦੀ ਹੈ। ਜੇ ਕਰ ਨਲਕੇ {ਮਨ}, ਵਿਚ ਪਹਿਲਾਂ ਪਾਣੀ {ਗੁਰਬਾਣੀ, ਗੁਰਮਤਿ}, ਨਹੀਂ ਪਾਇਆ ਤਾਂ ਪਾਣੀ {ਅੰਮ੍ਰਿਤ} ਚਾਲੂ ਨਹੀਂ ਹੋਵੇਗਾ। ਅਕਾਲ ਪੁਰਖ ਦਾ ਨਾਮੁ ਰੂਪੀ ਅੰਮ੍ਰਿਤ ਪ੍ਰਾਪਤ ਨਹੀਂ ਹੋਵੇਗਾ। ਜੇ ਕਰ ਪਹਿਲਾਂ ਪਾਣੀ ਨਹੀਂ ਪਾਇਆ, ਤਾਂ ਖਾਲੀ ਪੰਪ/ਹੈਡਲ ਗੇੜਦੇ ਰਹਿ ਜਾਵਾਂਗੇ, ਤੇ ਫਿਰ ਸਿਰਫ ਹਵਾ ਹੀ ਨਿਕਲਦੀ ਰਹੇਗੀ। ਇਹੀ ਹਾਲ ਸਾਡਾ ਵਾਹਿਗੁਰੂ ਵਾਹਿਗੁਰੂ ਦੇ ਰਟਨ ਨਾਲ ਹੋ ਰਿਹਾ ਹੈ, ਖਾਲੀ ਪੰਪ ਗੇੜੀ ਜਾ ਰਹੇ ਹਾਂ, ਗੁਰੂ ਦੀ ਮਤ ਕੋਈ ਨਹੀਂ ਲੈ ਰਹੇ ਹਾਂ। ਅਕਾਲ ਪੁਰਖ ਦਾ ਨਾਮੁ ਰੂਪੀ ਅੰਮ੍ਰਿਤੁ ਚਾਲੂ ਕਰਨ ਲਈ, ਵਾਲਵ, ਸਬਦ ਗੁਰੂ, ਦੇ ਹੱਥ ਵਿਚ ਹੈ।



ਪਾਣੀ ਦਾ ਨਲਕਾ


ਪੰਪ


ਵਾਲਵ

ਮਨੁੱਖ ਦਾ ਮਨ ਮਾਨੋ ਕੋਠਾ ਹੈ, ਤੇ ਸਰੀਰ ਇਸ ਕੋਠੇ ਦਾ ਛੱਤ ਹੈ। ਮਾਇਆ ਦੀ ਪਾਹ, ਇਸ ਮਨ ਰੂਪੀ ਕੋਠੇ ਨੂੰ ਜੰਦਰਾ ਵੱਜਾ ਹੋਇਆ ਹੈ। ਇਸ ਜੰਦਰੇ ਨੂੰ ਖੋਲ੍ਹਣ ਲਈ ਗੁਰੂ ਕੁੰਜੀ ਹੈ, ਭਾਵ, ਮਨ ਤੋਂ ਮਾਇਆ ਦਾ ਪ੍ਰਭਾਵ, ਗੁਰੂ ਹੀ ਦੂਰ ਕਰ ਸਕਦਾ ਹੈ। ਹੇ ਨਾਨਕ! ਸਤਿਗੁਰੂ ਤੋਂ ਬਿਨਾ ਮਨ ਦਾ ਬੂਹਾ ਖੁਲ੍ਹ ਨਹੀਂ ਸਕਦਾ, ਤੇ ਕਿਸੇ ਹੋਰ ਦੇ ਹੱਥ ਵਿਚ ਇਸ ਦੀ ਕੁੰਜੀ ਨਹੀਂ ਹੈ।

ਸਲੋਕ ਮਹਲਾ ੨ ॥ ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥ {੧੨੩੭}

ਸਾਈਕਲ ਵਿਚ ਹਵਾ ਭਰਨ ਲਈ ਵਾਲਵ ਦੀ ਨੌਜ਼ਲ ਉਪਰ ਰਬਰ ਦੀ ਛੋਟੀ ਜਿਹੀ ਟਿਊਬ ਲਾਉਂਣੀ ਪੈਂਦੀ ਹੈ, ਨਹੀਂ ਤੇ ਹਵਾ ਅੰਦਰ ਨਹੀਂ ਟਿਕਦੀ, ਬਾਹਰ ਨਿਕਲ ਜਾਂਦੀ ਹੈ। ਇਸੇ ਤਰ੍ਹਾਂ ਆਪਣੇ ਮਨ ਤੇ ਉਪਰ, ਗੁਰੂ ਦੀ ਮਤ, ਗੁਰੂ ਦੇ ਗਿਆਨ ਦੀ ਚਾਰ ਦਵਾਰੀ ਕਰਨੀ ਪੈਂਦੀ ਹੈ। ਜੇ ਕਰ ਰਬਰ ਦੀ ਟਿਊਬ ਨਹੀਂ ਲਾਈ, ਤਾਂ ਜਿਨੇ ਮਰਜੀ ਪੰਪ ਮਾਰੀ ਜਾਓ, ਹਵਾ ਨਹੀਂ ਭਰੇਗੀ। ਇਸੇ ਤਰ੍ਹਾਂ ਜਿਨੇ ਮਰਜੀ ਵਾਹਿਗੁਰੂ ਵਾਹਿਗੁਰੂ ਦੇ ਰਟਨ ਕਰੀ ਜਾਓ, ਜੇ ਕਰ ਗੁਰਬਾਣੀ ਦੁਆਰਾ ਗੁਰੂ ਦੀ ਮਤ ਨਹੀਂ ਲਈ, ਤਾਂ ਕੋਈ ਲਾਭ ਨਹੀਂ ਹੋਵੇਗਾ। ਮਾਵਾਂ ਬੱਚਿਆਂ ਨੂੰ, "ਤਾਤੀ ਵਾਉ ਨ ਲਗਈ", ਸਬਦ ਜਰੂਰ ਸੁਣਾਉਂਦੀਆਂ ਹਨ, ਪਰੰਤੂ ਉਨ੍ਹਾਂ ਦੇ ਚਉਗਿਰਦ ਤੇ ਸਤਿਗੁਰੂ ਦੀ ਸਿਖਿਆ ਦੁਆਰਾ, "ਰਾਮ ਨਾਮੁ ਅਉਖਧੁ", ਨਹੀਂ ਲਾਉਂਦੀਆਂ ਹਨ।

ਬਿਲਾਵਲੁ ਮਹਲਾ ੫ ॥ ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥ ੨॥੧੫॥੭੯॥ {੮੧੯}

ਅਕਾਲ ਪੁਰਖ ਪਰੇ ਤੋਂ ਪਰੇ ਹੈ, ਅਕਾਲ ਪੁਰਖ ਅਪਹੁੰਚ ਹੈ, ਅਕਾਲ ਪੁਰਖ ਤਕ ਗਿਆਨ ਇੰਦ੍ਰਿਆਂ ਦੁਆਰਾ ਨਹੀਂ ਪਹੁੰਚਿਆ ਜਾ ਸਕਦਾ। ਗੁਰੂ ਦੇ ਸਬਦ ਦੁਆਰਾ ਕੋਈ ਵਿਰਲਾ ਮਨੁੱਖ ਹੀ ਅਕਾਲ ਪੁਰਖ ਨੂੰ ਮਿਲਦਾ ਹੈ, ਤੇ ਉਸ ਦੇ ਅੰਦਰ ਅਕਾਲ ਪੁਰਖ ਦੇ ਨਾਮੁ ਦੀ ਕਦਰ ਪੈਦਾ ਹੁੰਦੀ ਹੈ। ਅਕਾਲ ਪੁਰਖ ਦੇ ਨਾਮੁ ਸਿਮਰਨ ਤੋਂ ਬਿਨਾ ਮਨੁੱਖ ਦੇ ਸਰੀਰ ਵਿਚ ਵਿਕਾਰਾਂ ਦਾ ਦੁਖ ਰੋਗ ਪੈਦਾ ਹੋਇਆ ਰਹਿੰਦਾ ਹੈ। ਜਦੋਂ ਮਨੁੱਖ ਨੂੰ ਗੁਰੂ ਮਿਲਦਾ ਹੈ, ਤਾਂ ਉਸ ਦਾ ਇਹ ਦੁਖ ਦੂਰ ਹੋ ਜਾਂਦਾ ਹੈ। ਗੁਰੂ ਨੂੰ ਮਿਲਣ ਤੋਂ ਬਿਨਾ ਮਨੁੱਖ ਉਹੀ ਕਰਮ ਕਰਦਾ ਹੈ, ਜਿਹੜੇ ਦੁਖ ਪੈਦਾ ਕਰਦੇ ਹਨ। ਇਸ ਤਰ੍ਹਾਂ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਨੂੰ ਸਦਾ ਸਜ਼ਾ ਮਿਲਦੀ ਰਹਿੰਦੀ ਹੈ। ਅਕਾਲ ਪੁਰਖ ਦਾ ਨਾਮੁ ਇਕ ਐਸਾ ਅੰਮ੍ਰਿਤ ਹੈ, ਜੋ ਮਿੱਠਾ ਹੈ, ਤੇ ਬੜੇ ਰਸ ਵਾਲਾ ਹੈ। ਪਰੰਤੂ ਉਹੀ ਮਨੁੱਖ ਇਹ ਨਾਮੁ ਰੂਪੀ ਰਸ ਪੀਂਦਾ ਰਹਿੰਦਾ ਹੈ, ਜਿਸ ਨੂੰ ਉਹ ਅਕਾਲ ਪੁਰਖ ਆਪ ਪਿਲਾਂਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਅਕਾਲ ਪੁਰਖ ਦੇ ਨਾਮੁ ਰੂਪੀ ਅੰਮ੍ਰਿਤ ਦਾ ਆਨੰਦ ਮਾਣਦਾ ਹੈ, ਤੇ ਅਕਾਲ ਪੁਰਖ ਦੇ ਨਾਮੁ ਵਿਚ ਆਪਣੇ ਆਪ ਨੂੰ ਰੰਗ ਕੇ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ।

ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥ ਪੀਵਤ ਰਹੈ ਪੀਆਏ ਸੋਇ ॥ ਗੁਰ ਕਿਰਪਾ ਤੇ ਹਰਿ ਰਸੁ ਪਾਏ ॥ ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥ {੩੬੧}

ਇਸ ਸੰਸਾਰ ਵਿਚ ਜੋ ਕੁਝ ਵੀ ਅਸੀਂ ਵੇਖ ਰਹੇ ਹਾਂ, ਉਹ ਸਭ ਕੁਝ ਅਕਾਲ ਪੁਰਖ ਦੇ ਨਾਮੁ ਤੋਂ ਹੀ ਪੈਦਾ ਹੁੰਦਾ ਹੈ ਤੇ ਆਤਮਕ ਜੀਵਨ ਵੀ ਅਕਾਲ ਪੁਰਖ ਦੇ ਨਾਮੁ ਦੁਆਰਾ ਹੀ ਮਿਲਦਾ ਹੈ, ਪਰੰਤੂ ਗੁਰੂ ਦੀ ਸ਼ਰਨ ਵਿਚ ਆਉਂਣ ਤੋਂ ਬਿਨਾ ਨਾਮੁ ਦੀ ਕਦਰ ਨਹੀਂ ਪਤਾ ਲਗਦੀ। ਗੁਰੂ ਦਾ ਸਬਦ ਬਹੁਤ ਜਿਆਦਾ ਰਸ ਵਾਲਾ ਹੈ ਤੇ ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਸਬਦ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗਦਾ। ਜਿਹੜਾ ਮਨੁੱਖ ਗੁਰੂ ਦੇ ਸਬਦ ਦੁਆਰਾ ਆਪਣੇ ਆਤਮਕ ਜੀਵਨ ਨੂੰ ਨਹੀਂ ਪਛਾਣਦਾ, ਉਹ ਆਪਣੇ ਇਸ ਕੀਮਤੀ ਮਨੁੱਖਾ ਜਨਮ ਨੂੰ ਕੌਡੀ ਦੇ ਬਦਲੇ ਵਿਅਰਥ ਗਵਾ ਲੈਂਦਾ ਹੈ। ਜਦੋਂ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਤੁਰਦਾ ਹੈ, ਤਾਂ ਉਹ ਇਕ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾਂ ਲੈਂਦਾ ਹੈ, ਤੇ, ਫਿਰ ਉਸ ਨੂੰ ਹਉਮੈ ਦਾ ਦੁਖ ਸਤਾ ਨਹੀਂ ਸਕਦਾ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਹੜਾ ਸ਼ਰਨ ਵਿਚ ਆਏ ਮਨੁੱਖ ਦੀ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਨਾਲ ਪ੍ਰੀਤ ਜੋੜ ਦੇਂਦਾ ਹੈ। ਗੁਰੂ ਦੇ ਸਬਦ ਨਾਲ ਸਾਂਝ ਪਾ ਕੇ ਮਨੁੱਖ ਦਾ ਆਤਮਕ ਜੀਵਨ ਚਮਕ ਪੈਂਦਾ ਹੈ, ਮਨੁੱਖ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ਗੁਰੂ ਦੀ ਸ਼ਰਨ ਪੈਣ ਵਾਲਾ ਮਨੁੱਖ ਗੁਰੂ ਦੇ ਸਬਦ ਨੂੰ ਹਮੇਸ਼ਾਂ ਗਾਇਨ ਕਰਦਾ ਰਹਿੰਦਾ ਹੈ, ਸਮਝਦਾ ਰਹਿੰਦਾ ਹੈ, ਤੇ ਵਿਚਾਰਦਾ ਰਹਿੰਦਾ ਹੈ। ਅਜੇਹੇ ਮਨੁੱਖ ਦਾ ਮਨ ਤੇ ਸਰੀਰ ਦਾ ਹਰੇਕ ਅੰਗ, ਗੁਰੂ ਦੀ ਬਰਕਤ ਨਾਲ, ਇਕ ਨਵੀਂ ਆਤਮਕ ਸੋਚ ਅਨੁਸਾਰ ਚਲਦਾ ਹੈ, ਤੇ ਉਹ ਗੁਰੂ ਦੀ ਸ਼ਰਨ ਵਿਚ ਆਉਂਣ ਸਦਕਾ ਆਪਣੇ ਸਾਰੇ ਕੰਮ ਸਵਾਰ ਲੈਂਦਾ ਹੈ। ਪਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ, ਉਹ ਸਦਾ ਅੰਨ੍ਹਿਆਂ ਵਾਲੇ ਕੰਮ ਕਰਦਾ ਰਹਿੰਦਾ ਹੈ, ਤੇ ਜਗਤ ਵਿਚ ਉਹ ਉਹੀ ਖੱਟੀ ਖੱਟਦਾ ਹੈ, ਜਿਹੜੀ ਉਸ ਦੇ ਆਤਮਕ ਜੀਵਨ ਲਈ ਜ਼ਹਿਰ ਬਣ ਜਾਂਦੀ ਹੈ। ਸਬਦ ਗੁਰੂ ਦੀ ਸ਼ਰਨ ਵਿਚ ਆਉਂਣ ਤੋਂ ਬਿਨਾ ਅਜੇਹਾ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਦੁਖ ਸਹਾਰਦਾ ਰਹਿੰਦਾ ਹੈ।

ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥ {੭੫੩, ੭੫੪}

ਉਪਰ ਲਿਖਿਆ ਸਬਦ ਸਪੱਸ਼ਟ ਕਰਦਾ ਹੈ, ਕਿ ਗੁਰੂ ਦਾ ਸਬਦ ਬਹੁਤ ਜਿਆਦਾ ਰਸ ਵਾਲਾ ਹੈ ਤੇ ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਸਬਦ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗਦਾ। ਇਸ ਤੋਂ ਪਹਿਲੇ ਸਬਦ ਵਿਚ ਸਪੱਸ਼ਟ ਕੀਤਾ ਗਿਆ ਹੈ, ਕਿ ਅਕਾਲ ਪੁਰਖ ਦਾ ਨਾਮੁ ਇਕ ਐਸਾ ਅੰਮ੍ਰਿਤ ਹੈ, ਜੋ ਮਿੱਠਾ ਹੈ, ਤੇ ਬੜੇ ਰਸ ਵਾਲਾ ਹੈ। ਹੁਣ ਇਨ੍ਹਾਂ ਨੂੰ ਦੋਹਾਂ ਸਬਦਾ ਨੂੰ ਇਕੱਠਾ ਕੀਤਾ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਦਾ ਸਬਦ ਹੀ ਨਾਮੁ ਹੈ, ਤੇ ਸਬਦ ਦੁਆਰਾ ਹੀ ਅਕਾਲ ਪੁਰਖ ਦਾ ਨਾਮੁ ਰੂਪੀ ਅੰਮ੍ਰਿਤ ਪਾਇਆ ਜਾ ਸਕਦਾ ਹੈ, ਜੋ ਕਿ ਮਿੱਠਾ ਤੇ ਬੜੇ ਰਸ ਵਾਲਾ ਹੈ।

ਬਿਰਧ ਅਵਸਥਾ ਵਿਚ ਕਮਜੋਰ ਹੋਣ ਕਰਕੇ ਮਨੁੱਖ ਦੀਆਂ ਅੱਖਾਂ ਵਿਚੋਂ ਪਾਣੀ ਵਗਣ ਲਗ ਪੈਂਦਾ ਹੈ, ਸਰੀਰ ਲਿੱਸਾ ਹੋ ਜਾਂਦਾ ਹੈ, ਕੇਸ ਦੁੱਧ ਵਰਗੇ ਚਿੱਟੇ ਹੋ ਜਾਂਦੇ ਹਨ, ਗਲਾ ਖਾਂਸੀ ਨਾਲ ਰੁਕਣ ਕਰਕੇ ਬੋਲ ਨਹੀਂ ਸਕਦਾ, ਜੀਵ ਬੁਢਾਪੇ ਵਿਚ ਕਈ ਦੁਖਾਂ ਨਾਲ ਘਿਰਿਆ ਰਹਿੰਦਾ ਹੈ। ਪਰੰਤੂ ਸਰੀਰ ਤਾਂ ਫਿਰ ਵੀ ਮੋਹ ਵਿਚ ਫਸਿਆ ਰਹਿੰਦਾ ਹੈ। ਭਗਤ ਭੀਖਨ ਜੀ ਚਿਤਾਵਨੀ ਦੇ ਰਹੇ ਹਨ, ਕਿ ਹੇ ਜੀਵ ਤੂੰ ਅਜੇ ਵੀ ਕੀ ਕਰ ਰਿਹਾ ਹੈ? ਹੁਣ ਵੀ ਤੂੰ ਅਕਾਲ ਪੁਰਖੁ ਨੂੰ ਕਿਉਂ ਯਾਦ ਨਹੀਂ ਕਰਦਾ? ਅਕਾਲ ਪੁਰਖੁ ਆਪ ਹੀ ਹਕੀਮ ਬਣ ਕੇ ਆਪਣੇ ਸੰਤਾਂ ਨੂੰ ਇਨ੍ਹਾਂ ਦੁਖਾਂ ਤੋਂ ਬਚਾ ਲੈਂਦਾ ਹੈ। ਇਸ ਸਰੀਰਕ ਮੋਹ ਨੂੰ ਮਿਟਾਣ ਦਾ ਇੱਕੋ ਹੀ ਸ੍ਰੇਸ਼ਟ ਇਲਾਜ ਜਗਤ ਵਿਚ ਹੈ, ਉਹ ਹੈ ਅਕਾਲ ਪੁਰਖੁ ਦਾ ਨਾਮੁ ਰੂਪੀ ਅੰਮ੍ਰਿਤ, ਜੋ ਕਿ ਨਿਰਮਲ ਜਲ ਦੀ ਤਰ੍ਹਾਂ ਹੈ। ਪਰੰਤੂ ਇਹ ਨਾਮੁ ਜਪਣ ਦਾ ਰਸਤਾ ਗੁਰੂ ਦੀ ਕਿਰਪਾ ਨਾਲ ਹੀ ਲੱਭਿਆ ਜਾ ਸਕਦਾ ਹੈ, ਜਿਸ ਨਾਲ ਸਰੀਰਕ ਮੋਹ ਤੋਂ ਖ਼ਲਾਸੀ ਮਿਲ ਸਕਦੀ ਹੈ।

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ ॥ ੴ ਸਤਿਗੁਰ ਪ੍ਰਸਾਦਿ ॥ ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥ ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ

ਨਾਹੀ ॥੨॥ ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥ {੬੫੯}

ਜਪੁ ਜੀ ਸਾਹਿਬ ਵਿਚ ਹੁਕਮੁ ਦੀ ਵਰਤੋਂ ਪਹਿਲੀ, ਦੂਜੀ ਤੇ ਤੀਜੀ ਪਉੜੀ ਵਿਚ ਹੀ ਕੀਤੀ ਗਈ ਹੈ। ਪਰੰਤੂ ਜਪੁ ਜੀ ਸਾਹਿਬ ਵਿਚ ਨਾਮੁ ਦੀ ਵਰਤੋਂ, "ਸਤਿ ਨਾਮੁ", ਨਾਲ ਕੀਤੀ ਗਈ ਹੈ ਤੇ ਫਿਰ ਬਾਅਦ ਵਿਚ ਚੌਥੀ ਪਉੜੀ ਵਿਚ ਹੀ ਕੀਤੀ ਗਈ ਹੈ। ਉਸ ਤੋਂ ਪਹਿਲਾਂ ਸਿਰਫ ਹੁਕਮੁ ਦਾ ਵਿਸਥਾਰ ਹੀ ਦਿਤਾ ਗਿਆ ਹੈ। ਜਪੁ ਜੀ ਸਾਹਿਬ ਦੀਆਂ ਪਹਿਲੀਆਂ ੩ ਪਉੜੀਆਂ ਵਿਚ ਨਾਮੁ ਲਫਜ ਨਹੀਂ ਵਰਤਿਆ ਗਿਆ ਹੈ। ਪਰੰਤੂ "ਜਪੁ" ਜੀ ਸਾਹਿਬ ਵਿਚ ਨਾਮੁ ਦੀ ਵਿਸਥਾਰ ਚੌਥੀ ਪਉੜੀ ਵਿਚ ਹੀ ਆਰੰਭ ਕੀਤੀ ਗਈ ਹੈ। ਨਾਮੁ ਪ੍ਰਾਪਤ ਕਰਨ ਦੇ ਤਰੀਕੇ ਦਾ ਆਰੰਭ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"। ਨਾਮੁ ਤੇ ਨਿਰੰਜਨੁ ਨਾਲ ਸਬੰਧ ਬਣਾਉੁਂਣ ਲਈ ਸੁਣਿਐ ਤੇ ਮੰਨੈ ਦੇ ਚਾਰ ਚਾਰ ਪੜਾਵ ਪਾਰ ਕਰਨੇ ਹਨ।

ਜਪੁ ਜੀ ਸਾਹਿਬ ਵਿਚ ਹੁਕਮੁ ਦੀ ਵਰਤੋਂ ਪਹਿਲੀ, ਦੂਜੀ ਤੇ ਤੀਜੀ ਪਉੜੀ ਵਿਚ ਕਰਨੀ ਤੇ ਨਾਮੁ ਦੀ ਵਿਸਥਾਰ, ਪਹਿਲੀ ਵਾਰ ਚੌਥੀ ਪਉੜੀ ਤੋਂ ਆਰੰਭ ਕਰਨੀ, ਇਹੀ ਸੰਕੇਤ ਦੇਂਦੀ ਹੈ, ਕਿ ਗੁਰੁ ਸਾਹਿਬ ਪਹਿਲਾਂ ਹੁਕਮੁ ਬਾਰੇ ਸਮਝਾਣਾਂ ਚਾਹੁੰਦੇ ਹਨ, ਤੇ ਫੇਰ ਬਾਅਦ ਵਿਚ ਹੀ ਨਾਮੁ ਬਾਰੇ ਸਮਝਿਆ ਜਾ ਸਕਦਾ ਹੈ। ਇਸ ਲਈ ਨਾਮੁ ਦੇ ਬਾਰੇ ਜਾਨਣ ਤੋਂ ਪਹਿਲਾਂ ਹੁਕਮੁ ਸਬੰਧੀ ਜਾਨਣਾ ਬਹੁਤ ਜਰੂਰੀ ਹੈ। ਨਾਮੁ ਸਬੰਧੀ ਡੂੰਗੇ ਭੇਦ ਤੇ ਲੋਕਾਂ ਦੇ ਸ਼ੰਕੇ ੧੯ਵੀ ਪਉੜੀ ਵਿਚ ਖੋਲੇ ਗਏ ਹਨ।

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥ (੪)

ਮਨ ਦੀ ਸਫਾਈ ਤੇ ਸਚਿਆਰ ਬਣਨ ਦਾ ਤਰੀਕਾ ਜਪੁ ਜੀ ਸਾਹਿਬ ੨੦ਵੀ ਪਉੜੀ ਵਿਚ ਸਮਝਾਇਆ ਗਿਆ ਹੈ।

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥ {੪}

ਅਕਾਲ ਪੁਰਖ ਆਪ ਹੀ ਕਈ ਕਿਸਮਾਂ ਦੀ ਤੇ ਕਈ ਰੰਗਾਂ ਦੀ ਸ੍ਰਿਸ਼ਟੀ ਰਚਦਾ ਹੈ। ਸ੍ਰਿਸ਼ਟੀ ਰਚ ਕੇ ਅਕਾਲ ਪੁਰਖ ਨੇ ਆਪ ਹੀ ਇਹ ਜਗਤ ਤਮਾਸ਼ਾ ਬਣਾਇਆ ਹੋਇਆ ਹੈ। ਇਹ ਜਗਤ ਤਮਾਸ਼ਾ ਰਚ ਕੇ ਉਹ ਆਪ ਹੀ ਇਸ ਦੀ ਸੰਭਾਲ ਵੀ ਕਰਦਾ ਹੈ, ਸਭ ਕੁਝ ਆਪ ਹੀ ਕਰ ਰਿਹਾ ਹੈ, ਤੇ ਜੀਵਾਂ ਪਾਸੋਂ ਕਰਾ ਰਿਹਾ ਹੈ। ਅਕਾਲ ਪੁਰਖ ਸਭ ਜੀਵਾਂ ਨੂੰ ਆਪ ਹੀ ਰਿਜ਼ਕ ਦੇਂਦਾ ਆ ਰਿਹਾ ਹੈ। ਸਿਰਫ਼ ਅਕਾਲ ਪੁਰਖ ਹੀ ਹਰੇਕ ਘਟ ਵਿਚ ਵਿਆਪਕ ਹੈ। ਜਿਸ ਨੇ ਇਸ ਮਨੁੱਖਾ ਜੀਵਨ ਵਿਚ ਸਬਦ ਗੁਰੂ ਦੀ ਸ਼ਰਨ ਵਿਚ ਆ ਕੇ ਉਸ ਅਕਾਲ ਪੁਰਖ ਨੂੰ ਸਿਮਰਿਆ ਹੈ, ਉਸ ਦੇ ਅੰਦਰ ਅਕਾਲ ਪੁਰਖ ਦਾ ਨਾਮੁ ਪਰਗਟ ਹੋ ਜਾਂਦਾ ਹੈ, ਤੇ ਦੁਖ ਕਲੇਸ਼ ਉਸ ਉੱਤੇ ਜ਼ੋਰ ਨਹੀਂ ਪਾ ਸਕਦੇ। ਮਨੁੱਖ ਦੇ ਮਨ ਦੀ ਅਵਸਥਾ ਭਾਂਵੇ ਕਲਜੁਗ ਵਾਲੀ ਹੋਵੇ ਜਾਂ ਕਿਸੇ ਤਰ੍ਹਾਂ ਦੀ ਵੀ ਹੋਵੇ, ਅਕਾਲ ਪੁਰਖ ਦਾ ਨਾਮੁ ਹਰੇਕ ਸਰੀਰ ਵਿਚ ਗੁਪਤ ਰੂਪ ਵਿਚ ਮੌਜੂਦ ਹੈ, ਅਤੇ ਅਕਾਲ ਪੁਰਖ ਹਰੇਕ ਸਰੀਰ ਵਿਚ ਹਰ ਸਮੇਂ ਵਿਆਪਕ ਵੀ ਹੈ। ਪਰੰਤੂ ਉਸ ਦਾ ਸ੍ਰੇਸ਼ਟ ਨਾਮੁ ਉਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹੀ ਪਰਗਟ ਹੁੰਦਾ ਹੈ, ਜਿਹੜੇ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ। ਜਿਹੜਾ ਮਨੁੱਖ ਗੁਰਮਤਿ ਦੁਆਰਾ ਨਿਮਰਤਾ, ਖਿਮਾ, ਸਬਰ, ਸੰਤੋਖ ਆਦਿ ਗੁਣ ਹਾਸਲ ਕਰ ਲੈਂਦਾ ਹੈ, ਉਹ ਮਨੁੱਖ ਭਉ ਤੇ ਭਾਉ ਵਿਚ ਰਹਿ ਕੇ ਅਕਾਲ ਪੁਰਖ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ, ਅਜੇਹਾ ਮਨੁੱਖ ਵੱਡੇ ਭਾਗਾਂ ਵਾਲਾ ਤੇ ਗੁਣਾਂ ਨਾਲ ਭਰਪੂਰ ਬਣ ਜਾਂਦਾ ਹੈ, ਪੰਜੇ ਇੰਦਰੀਆਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ।

ਪ੍ਰਭਾਤੀ ਮਹਲਾ ੩ ॥ ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥ {ਪੰਨਾ ੧੩੩੪}

ਸਰੀਰ ਦੇ ਸਾਰੇ ਅੰਗ ਨਾਮੁ/ਹੁਕਮੁ ਅਨੁਸਾਰ ਚਲ ਰਹੇ ਹਨ, ਪਰੰਤੂ ਗੁਪਤ ਨਾਮੁ ਸਤਿਗੁਰੁ ਦੀ ਸਰਣ ਵਿਚ ਆਉਂਣ ਨਾਲ ਪ੍ਰਗਟ ਹੁੰਦਾ ਹੈ। ਭਾਵ, ਨਾਮੁ ਬਾਰੇ ਗਿਆਨ/ਸੋਝੀ ਸਤਿਗੁਰੁ ਦੁਆਰਾ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਨੇ ਸਬਦ ਗੁਰੂ ਦੀ ਸਰਨ ਵਿਚ ਆ ਕੇ ਉਸ ਅਕਾਲ ਪੁਰਖ ਨੂੰ ਸਿਮਰਿਆ ਹੈ, ਉਸ ਦੇ ਅੰਦਰ ਗੁਪਤ ਨਾਮੁ ਪਰਗਟ ਹੋ ਜਾਂਦਾ ਹੈ।

ਜੇ ਕੋਈ ਮਨੁੱਖ ਗੁਰੂ ਵਲੋਂ ਮੂੰਹ ਫੇਰੀ ਰੱਖਦਾ ਹੈ, ਗੁਰੂ ਦਾ ਬਚਨ ਆਪਣੇ ਮਨ ਵਿਚ ਨਹੀਂ ਵਸਾਂਦਾ, ਤੇ ਭਾਂਵੇਂ ਉਹ ਮਿਥੇ ਹੋਏ ਧਾਰਮਿਕ ਕਰਮ ਕਰ ਕੇ, ਬਹੁਤ ਸਾਰਾ ਧਨ ਵੀ ਇਕੱਠਾ ਕਰ ਲੈਂਦਾ ਹੈ, ਪਰੰਤੂ ਫਿਰ ਵੀ ਉਹ ਜੋ ਕੁਝ ਕਰਦਾ ਹੈ, ਉਹ ਅਜੇਹਾ ਕਰਦਿਆਂ ਹੋਇਆਂ ਵੀ ਨਰਕ ਵਿਚ ਹੀ ਪਿਆ ਰਹਿੰਦਾ ਹੈ, ਤੇ ਸਦਾ ਦੁਖੀ ਹੀ ਰਹਿੰਦਾ ਹੈ।

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥ ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥ {ਪੰਨਾ ੧੩੩੪}

ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਜਦੋਂ ਮੈਂ ਅਕਾਲ ਪੁਰਖ ਦਾ ਨਾਮੁ ਯਾਦ ਕਰਦਾ ਹਾਂ, ਤਾਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਰਹਿੰਦਾ ਹੈ। ਪਰੰਤੂ ਜਦੋਂ ਮੈਨੂੰ ਅਕਾਲ ਪੁਰਖ ਦਾ ਨਾਮੁ ਭੁੱਲ ਜਾਂਦਾ ਹੈ, ਤਾਂ ਮੇਰੀ ਆਤਮਕ ਮੌਤ ਹੋ ਜਾਂਦੀ ਹੈ। ਇਹ ਸਭ ਕੁਝ ਪਤਾ ਹੁੰਦਿਆਂ ਹੋਇਆ ਵੀ ਆਮ ਮਨੁੱਖ ਨੂੰ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦਾ ਨਾਮੁ ਯਾਦ ਕਰਨਾ ਔਖਾ ਲਗਦਾ ਹੈ। ਜਿਸ ਮਨੁੱਖ ਦੇ ਅੰਦਰ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੇ ਨਾਮੁ ਦੀ ਤਾਂਘ ਪੈਦਾ ਹੋ ਜਾਂਦੀ ਹੈ, ਫਿਰ ਉਸ ਤਾਂਘ ਦੀ ਬਰਕਤ ਨਾਲ, ਅਕਾਲ ਪੁਰਖੁ ਦਾ ਨਾਮੁ ਭੋਜਨ ਦੀ ਤਰ੍ਹਾਂ ਖਾਣ ਨਾਲ, ਉਸ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਮੁਸ਼ਕਲ ਸਮੇਂ ਅਕਸਰ ਮਨੁੱਖ ਆਪਣੀ ਮਾਂ ਨੂੰ ਯਾਦ ਕਰਦਾ ਹੈ, ਗੁਰੂ ਸਾਹਿਬ ਵੀ ਉਸੇ ਤਰ੍ਹਾਂ ਸੰਬੋਧਨ ਕਰਕੇ ਸਮਝਾਂਉਂਦੇ ਹਨ, ਕਿ ਹੇ ਮੇਰੀ ਮਾਂ! ਅਰਦਾਸ ਕਰ ਕਿ ਉਹ ਅਕਾਲ ਪੁਰਖ ਮੈਨੂੰ ਕਦੇ ਵੀ ਨਾ ਭੁੱਲੇ, ਕਿਉਂਕਿ ਆਪ ਖੁਦ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ ਤੇ ਅਕਾਲ ਪੁਰਖ ਦਾ ਨਾਮੁ ਵੀ ਸਦਾ ਕਾਇਮ ਰਹਿਣ ਵਾਲਾ ਹੈ। ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੇ ਨਾਮੁ ਦੀ ਥੋੜੀ ਜਿਹੀ ਉਸਤਤ ਵੀ ਬਿਆਨ ਕਰ ਕੇ ਜੀਵ ਥੱਕ ਗਏ ਹਨ, ਕਿਉਂਕਿ ਅਕਾਲ ਪੁਰਖ ਦੀ ਉਪਮਾਂ ਬੇਅੰਤ ਹੈ, ਜਿਹੜੀ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਕੋਈ ਵੀ ਜੀਵ ਇਹ ਨਹੀਂ ਦੱਸ ਸਕਿਆ ਕਿ ਅਕਾਲ ਪੁਰਖ ਦੇ ਬਰਾਬਰ ਦੀ ਕਿਹੜੀ ਹਸਤੀ ਹੈ। ਜੇਕਰ ਜਗਤ ਦੇ ਸਾਰੇ ਜੀਵ ਰਲ ਕੇ ਅਕਾਲ ਪੁਰਖ ਦੀ ਵਡਿਆਈ ਬਿਆਨ ਕਰਨ ਦਾ ਯਤਨ ਕਰਨ, ਤਾਂ ਵੀ ਉਹ ਅਕਾਲ ਪੁਰਖ ਆਪਣੇ ਅਸਲੇ ਨਾਲੋਂ ਵੱਡਾ ਨਹੀਂ ਹੋ ਜਾਂਦਾ ਤੇ, ਜੇ ਕੋਈ ਵੀ ਉਸ ਦੀ ਵਡਿਆਈ ਨਾ ਕਰੇ, ਤਾਂ ਵੀ ਉਹ ਅੱਗੇ ਨਾਲੋਂ ਘੱਟ ਨਹੀਂ ਜਾਂਦਾ। ਅਕਾਲ ਪੁਰਖ ਨੂੰ ਆਪਣੀ ਸੋਭਾ ਦਾ ਕੋਈ ਲਾਲਚ ਨਹੀਂ। ਉਹ ਅਕਾਲ ਪੁਰਖ ਨਾ ਕਦੇ ਮਰਦਾ ਹੈ, ਤੇ ਨਾ ਹੀ ਉਸ ਦੀ ਖ਼ਾਤਰ ਸੋਗ ਹੁੰਦਾ ਹੈ। ਉਸ ਦੀ ਵੱਡੀ ਖ਼ੂਬੀ ਇਹ ਹੈ, ਕਿ ਉਸ ਵਰਗਾ ਹੋਰ ਕੋਈ ਨਹੀਂ ਹੈ, ਉਸ ਵਰਗਾ ਅਜੇ ਤਕ ਨਾ ਕੋਈ ਹੋਇਆ ਹੈ, ਨਾ ਹੀ ਕਦੇ ਹੋਵੇਗਾ।

ਆਸਾ ਮਹਲਾ ੧ ॥ ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥ {੯}

ਕੁਦਰਤਿ ਦੇ ਅਨੇਕਾਂ ਜੀਵਾਂ ਤੇ ਹੋਰ ਬੇਅੰਤ ਪਦਾਰਥਾਂ ਦੇ ਅਸੰਖਾਂ ਹੀ ਨਾਂ ਹਨ, ਤੇ ਅਸੰਖਾਂ ਹੀ ਉਨ੍ਹਾਂ ਦੇ ਥਾਂ ਟਿਕਾਣੇ ਹਨ। ਕੁਦਰਤਿ ਵਿਚ ਅਸੰਖਾਂ ਹੀ ਭਵਣ ਹਨ, ਜਿਨ੍ਹਾਂ ਤਕ ਮਨੁੱਖ ਦੀ ਪਹੁੰਚ ਹੀ ਨਹੀਂ ਹੋ ਸਕਦੀ। ਪਰ ਜੋ ਮਨੁੱਖ ਕੁਦਰਤਿ ਦਾ ਲੇਖਾ ਕਰਨ ਵਾਸਤੇ ਸਬਦ 'ਅਸੰਖ' ਵੀ ਆਖਦੇ ਹਨ, ਉਨ੍ਹਾਂ ਦੇ ਸਿਰ ਉੱਤੇ ਵੀ ਭਾਰ ਹੁੰਦਾ ਹੈ ਭਾਵ, ਉਹ ਵੀ ਭੁੱਲ ਕਰਦੇ ਹਨ, ਕਿਉਂਕਿ 'ਅਸੰਖ' ਸਬਦ ਵੀ ਕਾਫੀ ਨਹੀਂ ਹੈ। ਅਕਾਲ ਪੁਰਖ ਦੀ ਕੁਦਰਤਿ ਦਾ ਲੇਖਾ ਲਫ਼ਜ਼ 'ਅਸੰਖ' ਤਾਂ ਕਿਤੇ ਰਿਹਾ, ਕੋਈ ਵੀ ਗਿਣਤੀ ਪੂਰਾ ਨਹੀਂ ਕਰ ਸਕਦੀ। ਵੈਸੇ ਅਸੰਖ ਸਬਦ ਨੂੰ ਤੋੜ ਕੇ ਵੇਖਿਆ ਜਾਵੇ {ਅ + ਸੰਖ} ਤਾਂ ਅਰਥ ਇਹੀ ਬਣਦੇ ਹਨ, ਕਿ ਜਿਸ ਦੀ ਸੰਖਿਆ ਨਹੀਂ ਹੋ ਸਕਦੀ {infinite}, ਭਾਵ ਗਿਣਤੀ ਨਹੀਂ ਹੋ ਸਕਦੀ {ਅਣਗਿਣਤ}।

ਜੇ ਕਰ ਸਾਨੂੰ ਅਕਾਲ ਪੁਰਖ ਦਾ ਨਾਮੁ ਲੈਣਾਂ ਜਾਂ ਸਮਝਣਾ ਹੈ, ਤਾਂ ਉਹ ਅੱਖਰਾਂ/ਭਾਸ਼ਾਂ ਰਾਹੀਂ ਹੀ ਲਿਆ ਜਾ ਸਕਦਾ ਹੈ, ਜਿਹੜਾ ਕਿ ਅਸੀਂ ਸਮਝ ਸਕਦੇ ਹਾਂ, ਅਕਾਲ ਪੁਰਖ ਦੀ ਸਿਫ਼ਿਤ ਸਾਲਾਹ ਵੀ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਰਾਹੀਂ ਹੀ ਉਸਦੇ ਗੀਤ ਤੇ ਗੁਣਾਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਾਂ। ਕਿਸੇ ਵੀ ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਜੇ ਕਰ ਅਸੀਂ ਸੰਜੋਗ ਬਾਰੇ ਕੁਝ ਸਮਝਣਾ ਜਾਂ ਬਿਆਨ ਕਰਨਾ ਹੈ ਤਾਂ ਉਹ ਵੀ ਅਸੀਂ ਅੱਖਰਾਂ ਰਾਹੀਂ ਹੀ ਕਰ ਸਕਦੇ ਹਾਂ। ਹੁਣ ਸਾਨੂੰ ਪਤਾ ਹੀ ਹੈ ਕਿ ਵੱਖ ਵੱਖ ਲੋਕਾਂ ਜਾਂ ਦੇਸ਼ਾਂ ਦੀ ਭਾਸ਼ਾ ਵਿਚ ਵਰਤੇ ਜਾਣ ਵਾਲੇ ਅੱਖਰ ਵੱਖਰੇ ਵੱਖਰੇ ਹਨ, ਇਥੇ ਹੀ ਬੱਸ ਨਹੀਂ ਕੁਦਰਤ ਵਿਚ ਤਾਂ ਅਨੇਕਾਂ ਹੀ ਜੀਵ ਜੰਤੂ ਹਨ, ਜਿਨ੍ਹਾਂ ਦੀ ਭਾਸ਼ਾ ਅਕਾਲ ਪੁਰਖ ਤਾਂ ਸਮਝ ਸਕਦਾ ਹੈ, ਪਰੰਤੂ ਮਨੁੱਖ ਨਹੀਂ। ਅਸੀਂ ਜੋ ਵੀ ਅੱਖਰ ਵਰਤਦੇ ਹਾਂ, ਉਹ ਸਾਡੇ ਆਪਣੇ ਸਮਝਣ ਲਈ ਹਨ। ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਜੋਗ ਦੇ ਇਹ ਅੱਖਰ ਲਿਖੇ ਹਨ, ਉਹ ਅਕਾਲ ਪੁਰਖ ਆਪ ਇਨ੍ਹਾਂ ਲੇਖਾਂ ਦੇ ਅਧੀਨ ਨਹੀਂ ਹੈ। ਇਸ ਲਈ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਨਾ ਤਾਂ ਲੇਖਾ ਕਰ ਸਕਦਾ ਹੈ ਤੇ ਨਾ ਹੀ ਉਸ ਨੂੰ ਆਪਣੇ ਵਰਤੇ ਜਾ ਰਹੇ ਅੱਖਰਾ ਦੇ ਅਧੀਨ ਜਾਂ ਸੀਮਿਤ ਕਰ ਸਕਦਾ ਹੈ। ਜਿਸ ਜਿਸ ਤਰ੍ਹਾਂ ਉਹ ਅਕਾਲ ਪੁਰਖ ਹੁਕਮੁ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ।

ਜਦੋਂ ਕਿਸੇ ਜੀਵ ਦਾ ਜਾਂ ਕਿਸੇ ਪਦਾਰਥ ਦਾ ਨਾਂ ਰੱਖੀਦਾ ਹੈ, ਤਾਂ ਉਸ ਦਾ ਮੰਤਵ ਜਾਂ ਭਾਵ ਇਹ ਹੁੰਦਾ ਹੈ ਕਿ ਉਸ ਦਾ ਸਰੂਪ ਜਾਂ ਸ਼ਕਲ ਨੀਯਤ ਕੀਤੀ ਜਾ ਸਕੇ। ਜਦੋਂ ਉਸ ਨਾਂ ਲਈਦਾ ਹੈ, ਤਾਂ ਉਹ ਹਸਤੀ ਸਾਡੀਆਂ ਅੱਖਾਂ ਅੱਗੇ ਆ ਜਾਂਦੀ ਹੈ। ਪਰੰਤੂ ਇਹ ਸਾਰਾ ਸੰਸਾਰ, ਜੋ ਅਕਾਲ ਪੁਰਖ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ "ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ" {੯੨੨}। ਕੋਈ ਥਾਂ ਵੀ ਅਕਾਲ ਪੁਰਖ ਦੇ ਸਰੂਪ ਤੋਂ ਖ਼ਾਲੀ ਨਹੀਂ ਹੈ, ਭਾਵ, ਜਿਹੜੀ ਥਾਂ ਜਾਂ ਪਦਾਰਥ ਨੂੰ ਵੇਖਦੇ ਹਾਂ ਉਹੀ ਅਕਾਲ ਪੁਰਖ ਦਾ ਦਿੱਸਦਾ ਸਰੂਪ ਹੈ, ਸ੍ਰਿਸ਼ਟੀ ਦਾ ਜ਼ੱਰਾ ਜ਼ੱਰਾ ਅਕਾਲ ਪੁਰਖ ਦਾ ਹੀ ਸਰੂਪ ਹੈ। ਅਕਾਲ ਪੁਰਖ ਦਾ ਦਿੱਸਣ ਵਾਲਾ ਸਰਗੁਨ ਸਰੂਪ ਵੀ ਹੋ ਸਕਦਾ ਹੈ, ਤੇ ਨਾ ਦਾ ਦਿੱਸਣ ਵਾਲਾ ਨਿਰਗੁਨ ਸਰੂਪ ਵੀ ਹੋ ਸਕਦਾ ਹੈ। ਇਸ ਲਈ ਅਸੀਂ ਆਮ ਮਨੁੱਖਾਂ ਜਾਂ ਜੀਵਾਂ ਦੇ ਨਾਂ ਤਾਂ ਆਪਣੀ ਭਾਸ਼ਾ ਜਾਂ ਅੱਖਰਾਂ ਨਾਲ ਨੀਯਤ ਕਰ ਸਕਦੇ ਹਾਂ, ਪਰੰਤੂ ਆਮ ਜੀਵਾਂ ਵਾਂਗੂ ਅਕਾਲ ਪੁਰਖ ਦਾ ਨਾਂ ਨਿਸ਼ਚਤ ਕਰਨਾ ਅਸੰਭਵ ਹੈ।

ਗੁਰੂ ਸਾਹਿਬ ਵੀ ਇਹੀ ਸਮਝਾਂਦੇ ਹਨ, ਕਿ ਮੇਰੀ ਕੀ ਤਾਕਤ ਹੈ, ਕਿ ਮੈਂ ਅਕਾਲ ਪੁਰਖ ਦੀ ਕੁਦਰਤਿ ਤੇ ਉਸ ਦੀ ਵੀਚਾਰ ਕਰ ਸਕਾਂ? ਹੇ ਅਕਾਲ ਪੁਰਖ! ਮੈਂ ਤਾਂ ਤੇਰੇ ਉਤੋਂ ਇਕ ਵਾਰੀ ਵੀ ਸਦਕੇ ਜਾਣ ਜੋਗਾ ਨਹੀਂ ਹਾਂ, ਅਕਾਲ ਪੁਰਖ ਦੇ ਸਾਹਮਣੇ ਮੇਰੀ ਹਸਤੀ ਬਹੁਤ ਹੀ ਛੋਟੀ ਹੈ। ਹੇ ਨਿਰੰਕਾਰ! ਤੂੰ ਸਦਾ ਥਿਰ ਰਹਿਣ ਵਾਲਾ ਹੈ, ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ, ਭਾਵ, ਤੇਰੀ ਰਜ਼ਾ ਵਿਚ ਰਹਿਣਾ ਹੀ ਸਾਡੇ ਵਰਗੇ ਜੀਵਾਂ ਲਈ ਭਲੇ ਵਾਲੀ ਗੱਲ ਹੈ। ਅਣਗਿਣਤ ਧਰਤੀਆਂ ਤੇ ਅਣਗਿਣਤ ਜੀਵ ਅਕਾਲ ਪੁਰਖ ਨੇ ਰਚੇ ਹਨ? ਮਨੁੱਖਾਂ ਦੀ ਕਿਸੇ ਬੋਲੀ ਵਿਚ ਕੋਈ ਐਸਾ ਲਫ਼ਜ਼ ਹੀ ਨਹੀਂ ਜੋ ਇਹ ਲੇਖਾ ਦੱਸ ਸਕੇ। ਇਹ ਬੋਲੀ ਵੀ ਰੱਬ ਵਲੋਂ ਇਕ ਦਾਤ ਮਿਲੀ ਹੈ, ਪਰ ਇਹ ਮਿਲੀ ਹੈ, ਉਸ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਨ ਲਈ। ਇਸ ਲਈ ਇਹ ਕਦੀ ਨਹੀਂ ਹੋ ਸਕਦਾ ਕਿ ਕਿਸੇ ਬੋਲੀ ਦੇ ਖਾਸ ਅੱਖਰ ਨੂੰ ਬਾਰ ਬਾਰ ਬੋਲ ਕੇ, ਮਨੁੱਖ ਅਕਾਲ ਪੁਰਖ ਦਾ ਅੰਤ ਪਾ ਸਕੇ।

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥ {੪}

ਇਸ ਲਈ ਹਮੇਸ਼ਾਂ ਧਿਆਨ ਵਿਚ ਰੱਖਣਾਂ ਹੈ, ਕਿ ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ, ਤੇ ਨਾ ਹੀ ਅਕਾਲ ਪੁਰਖੁ ਦੇ ਨਾਮੁ ਦਾ ਅੰਤ ਪਾਇਆ ਜਾ ਸਕਦਾ ਹੈ। ਜੇ ਅਕਾਲ ਪੁਰਖੁ ਨਾਮੁ ਨਾਲ ਜੁੜਨਾਂ ਹੈ ਤਾਂ ਉਸ ਦੀ ਕੁਦਰਤ ਨਾਲ ਜੁੜਨਾ ਪਵੇਗਾ। ਜਦੋਂ ਮਨੁੱਖ ਨੂੰ ਸਬਦ ਗੁਰੂ ਦੁਆਰਾ ਸਮਝ ਆ ਜਾਂਦੀ ਹੈ ਤਾਂ ਉਸ ਦਾ ਸੀਸ ਆਪਣੇ ਆਪ ਉਸ ਅਕਾਲ ਪੁਰਖੁ ਅੱਗੇ ਝੁਕ ਜਾਂਦਾ ਹੈ, ਕਿਸੇ ਦੂਸਰੇ ਨੂੰ ਕਹਿਣਾਂ ਨਹੀਂ ਪੈਂਦਾਂ ਹੈ। ਪਰੰਤੂ ਇਹ ਸਮਝ ਸਿਰਫ ਸਬਦ ਗੁਰੂ ਨੂੰ ਆਪਣੇ ਅਮਲੀ ਜੀਵਨ ਵਿਚ ਅਪਨਾਇਆਂ ਹੀ ਆ ਸਕਦੀ ਹੈ।

ਅਸੀਂ ਆਪਣੀਆਂ ਅੱਖਾਂ ਨਾਲ ਵੇਖ ਕੇ ਅੱਖਰਾਂ ਨੂੰ ਪੜ੍ਹਦੇ ਹਾਂ, ਮੂੰਹ ਦੀ ਆਵਾਜ਼ ਰਾਹੀਂ ਅੱਖਰਾਂ ਨੂੰ ਬੋਲਦੇ ਹਾਂ, ਕੰਨਾਂ ਨਾਲ ਅੱਖਰਾਂ ਦੀ ਧੁਨ ਨੂੰ ਸੁਣਦੇ ਹਾਂ, ਹਿਰਦੇ ਰਾਹੀਂ ਅੱਖਰਾਂ ਨੂੰ ਯਾਦ ਕਰਦੇ ਹਾਂ। ਪਰੰਤੂ ਅਕਾਲ ਪੁਰਖੁ ਨਾਲ ਸਬੰਧ ਸਬਦ ਗੁਰੂ ਦੁਆਰਾ ਦਿਤੀ ਗਈ ਸਿਖਿਆ ਨੂੰ ਪੜ੍ਹ ਕੇ, ਸੁਣ ਕੇ, ਅਮਲੀ ਜੀਵਨ ਵਿਚ ਅਪਨਾ ਕੇ, ਤੇ ਸਦੀਵੀ ਸਾਂਝ ਕਾਇਮ ਕਰਕੇ ਹੀ ਜੋੜਿਆ ਜਾ ਸਕਦਾ ਹੈ।

ਜਿਸ ਤਰ੍ਹਾਂ ਇਕ ਇਸਤਰੀ ਆਪਣੇ ਪਤੀ ਦਾ ਕਹਿਣਾ ਮੰਨ ਕੇ ਉਸ ਨਾਲ ਪਿਆਰ ਬਣਾ ਲੈਂਦੀ ਹੈ। ਠੀਕ ਉਸੇ ਤਰ੍ਹਾਂ ਹਰੇਕ ਜੀਵ ਇਸਤਰੀ ਨੇ, ਆਪਣੇ ਅਕਾਲ ਪੁਰਖੁ ਪਤੀ ਨੂੰ ਸਿਫ਼ਤਿ-ਸਾਲਾਹ ਰਾਹੀਂ, ਸਬਦ ਨੂੰ ਹਿਰਦੇ ਵਿਚ ਵਸਾ ਕੇ, ਉਸ ਅਕਾਲ ਪੁਰਖੁ ਦੇ ਨਾਲ ਪਿਆਰ ਪੈਦਾ ਕਰਨਾ ਹੈ। ਉਹੀ ਜੀਵ ਇਸਤਰੀਆਂ ਭਾਗਾਂ ਵਾਲੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਆਪਣੇ ਅਕਾਲ ਪੁਰਖੁ ਪਤੀ ਨਾਲ ਪਿਆਰ ਬਣਿਆ ਰਹਿੰਦਾ ਹੈ। ਅਕਾਲ ਪੁਰਖੁ ਦਾ ਹੁਕਮੁ ਸਬਦੁ ਦੁਆਰਾ ਜਾਣਿਆ ਜਾ ਸਕਦਾ ਹੈ।

ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ {੭੨}

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਹੀ ਸਮਝਾਇਆ ਹੈ, ਕਿ ਅਕਾਲ ਪੁਰਖੁ ਦੇ ਹੁਕਮੁ, ਅਤੇ ਰਜਾ ਵਿੱਚ ਚੱਲਣ ਦਾ ਤਰੀਕਾ ਸਮਝਣ ਲਈ, ਗੁਰੂ ਦੇ ਸਬਦ ਦੀ ਵੀਚਾਰ, ਗੁਰਬਾਣੀ ਦੀ ਵੀਚਾਰ, ਕਰਨੀ ਬਹੁਤ ਜਰੂਰੀ ਹੈ। ਸਿਰਫ ਗੁਰਬਾਣੀ ਨੂੰ ਰਟਨ ਨਾਲ, ਜਾਂ ਰਵਾਇਤ ਦੀ ਤਰ੍ਹਾਂ ਪੜ੍ਹੀ ਜਾਣ ਨਾਲ ਕੁਝ ਨਹੀਂ ਹੋਣਾ ਹੈ, ਗੁਰਬਾਣੀ ਨੂੰ ਸਮਝਣਾ ਹੈ, ਵੀਚਾਰਨਾਂ ਹੈ, ਅਕਾਲ ਪੁਰਖੁ ਦੇ ਹੁਕਮੁ ਨੂੰ ਪਛਾਨਣਾ ਹੈ, ਤੇ ਜੀਵਨ ਵਿਚ ਅਕਾਲ ਪੁਰਖੁ ਦੇ ਹੁਕਮੁ ਅਤੇ ਰਜਾ ਅਨੁਸਾਰ ਚਲਣਾ ਵੀ ਹੈ।

ਗੁਰਮੁਖ ਮਾਰਗ ਆਖੀਐ ਗੁਰਮਤਿ ਹਿਤਕਾਰੀ॥ ਹੁਕਮ ਰਜਾਈ ਚਲਣਾ ਗੁਰ ਸਬਦ ਵੀਚਾਰੀ॥ ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ॥ ਇਸਕ ਮੁਸਕ ਮਹਕਾਰ ਹੈ ਹੋਇ ਪਰਉਪਕਾਰੀ॥ ਸਿਦਕ ਸਬੂਰੀ ਸਾਬਤੇ ਮਸਤੀ ਹੁਸਿਆਰੀ॥ ਗੁਰਮੁਖ ਆਪ ਗਵਾਇਆ ਜਿਣ ਹਉਮੈਂ ਮਾਰੀ ॥੩॥ (੯-੩-੬)

ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ, ਤੇ ਆਨੰਦਮਈ ਜੀਵਨ ਬਤੀਤ ਕਰਨ ਲਈ, ਆਪਣੀ ਸੋਚ ਤੇ ਕਰਮ ਠੀਕ ਕਰਨੇ ਹਨ। ਸਬਦ ਗੁਰੂ ਨੂੰ ਆਪਣੇ ਅਮਲੀ ਜੀਵਨ ਵਿਚ ਅਪਨਾਣਾ ਹੈ। ਅਸੀਂ ਆਪਣੀਆਂ ਅੱਖਾਂ ਨਾਲ ਵੇਖ ਕੇ ਅੱਖਰਾਂ ਨੂੰ ਪੜ੍ਹਦੇ ਹਾਂ, ਮੂੰਹ ਦੀ ਆਵਾਜ਼ ਰਾਹੀਂ ਅੱਖਰਾਂ ਨੂੰ ਬੋਲਦੇ ਹਾਂ, ਕੰਨਾਂ ਨਾਲ ਅੱਖਰਾਂ ਦੀ ਧੁਨ {ਆਵਾਜ਼} ਨੂੰ ਸੁਣਦੇ ਹਾਂ, ਹਿਰਦੇ ਰਾਹੀਂ ਅੱਖਰਾਂ ਨੂੰ ਯਾਦ ਕਰਦੇ ਹਾਂ। ਪਰੰਤੂ ਅਕਾਲ ਪੁਰਖੁ ਨਾਲ ਸਬੰਧ, ਸਬਦ ਗੁਰੂ ਦੁਆਰਾ ਦਿਤੀ ਗਈ ਸਿਖਿਆ ਨੂੰ, ਪੜ੍ਹ ਕੇ, ਸੁਣ ਕੇ, ਅਮਲੀ ਜੀਵਨ ਵਿਚ ਅਪਨਾ ਕੇ, ਤੇ ਸਦੀਵੀ ਸਾਂਝ ਕਾਇਮ ਕਰਨ ਨਾਲ ਹੀ ਜੋੜਿਆ ਜਾ ਸਕਦਾ ਹੈ। ਇਸ ਲਈ ਹਮੇਸ਼ਾਂ ਧਿਆਨ ਵਿਚ ਰੱਖਣਾਂ ਹੈ, ਕਿ ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ, ਤੇ ਨਾ ਹੀ ਅਕਾਲ ਪੁਰਖੁ ਦੇ ਨਾਮੁ ਦਾ ਅੰਤ ਪਾਇਆ ਜਾ ਸਕਦਾ ਹੈ। ਜੇ ਕਰ ਅਕਾਲ ਪੁਰਖੁ ਨਾਮੁ ਨਾਲ ਜੁੜਨਾਂ ਹੈ, ਤਾਂ ਉਸ ਦੀ ਕੁਦਰਤ ਨਾਲ ਜੁੜਨਾ ਪਵੇਗਾ। ਜਦੋਂ ਮਨੁੱਖ ਨੂੰ ਸਬਦ ਗੁਰੂ ਦੁਆਰਾ ਸਮਝ ਆ ਜਾਂਦੀ ਹੈ ਤਾਂ ਉਸ ਦਾ ਸੀਸ ਆਪਣੇ ਆਪ ਉਸ ਅਕਾਲ ਪੁਰਖੁ ਅੱਗੇ ਝੁਕ ਜਾਂਦਾ ਹੈ, ਕਿਸੇ ਦੂਸਰੇ ਨੂੰ ਕਹਿਣਾਂ ਨਹੀਂ ਪੈਦਾਂ ਹੈ, ਕਿ ਜਾ ਕੇ ਮੱਥਾ ਟੇਕ। ਪਰੰਤੂ, ਇਹ ਸਮਝ ਸਿਰਫ, ਸਬਦ ਗੁਰੂ ਨੂੰ ਆਪਣੇ ਅਮਲੀ ਜੀਵਨ ਵਿਚ ਅਪਨਾਇਆਂ ਹੀ ਆ ਸਕਦੀ ਹੈ।

ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਆਪਣੀ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਕਿਸੇ ਨੇ ਮਨੁੱਖ ਨੂੰ ਅਕਾਲ ਪੁਰਖ ਦਾ ਦਰਜਾ ਦੇ ਦਿਤਾ ਤੇ ਕਿਸੇ ਨੇ ਜੀਵ ਜੰਤੂ, ਵਸਤੂ ਜਾਂ ਸਥਾਨ ਨੂੰ ਅਕਾਲ ਪੁਰਖ ਦਾ ਦਰਜਾ ਦੇ ਦਿਤਾ। ਪਰੰਤੂ ਇਹ ਸਭ ਕੁਝ ਤਾਂ ਖੁਦ ਅਕਾਲ ਪੁਰਖ ਦੇ ਆਪਣੇ ਬਣਾਏ ਹੋਏ ਹਨ, ਜੋ ਕਿ ਨਾਸ਼ਵੰਤ ਹਨ। ਜੇ ਅਕਾਲ ਪੁਰਖ ਹੀ ਨਾਸ ਹੋ ਗਿਆ ਤਾਂ ਬਾਕੀ ਕੀ ਰਹਿ ਜਾਵੇਗਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖ ਸਬੰਧੀ ਸਾਇੰਸ ਦਾ ਮੁੱਢ ਵੀ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ {੧}

ਜੇ ਕਰ ਗੁਰਬਾਣੀ ਨੂੰ ਧਿਆਨ ਨਾਲ ਸਮਝੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਅਕਾਲ ਪੁਰਖੁ ਦੇ ਗੁਣ ਹੀ ਸਮਝਾਂਏ ਹਨ। ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਕਿਤੇ ਵੀ ਸਪੱਸ਼ਟ ਕਰਕੇ ਨਹੀਂ ਕਿਹਾ

ਕਿ ਕੋਈ ਇਕ ਅੱਖਰ ਜਾਂ ਸਬਦ ਅਕਾਲ ਪੁਰਖੁ ਦਾ ਨਾਂ ਹੈ, ਕਿਉਂਕਿ ਅਕਾਲ ਪੁਰਖੁ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ ਹੈ। ਹਾਂ ਅਸੀਂ ਆਪਸੀ ਸਮਝ ਸਹੂਲਤ ਤੇ ਆਪਸੀ ਸਾਂਝ ਕਰਨ ਲਈ "ਅਕਾਲ ਪੁਰਖੁ" ਵਰਤ ਸਕਦੇ ਹਾਂ, ਜਿਸ ਤਰ੍ਹਾਂ ਕਿ ਗੁਰੂ ਸਾਹਿਬਾਂ ਨੇ ਵੀ ਗੁਰੂ ਗਰੰਥ ਸਾਹਿਬ ਵਿਚ ਦੋ ਵਾਰੀ ਵਰਤਿਆ ਹੈ ਤੇ ਇਕ ਵਾਰੀ ਅਕੁਲ ਪੁਰਖ ਵਰਤਿਆ ਹੈ।

ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ ਖਏ ॥੨॥ {੨੧੨}

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥੩॥ {੧੦੩੮}

ਪ੍ਰਭਾਤੀ ॥ ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥ ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥ ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥ ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥ ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥ {੧੩੫੧}

ਗੁਰੂ ਗਰੰਥ ਸਾਹਿਬ ਵਿਚ, "ੴ ਸਤਿਗੁਰ ਪ੍ਰਸਾਦਿ", ਬਾਣੀ ਦੇ ਸਿਰਲੇਖ ਦੇ ਤੌਰ ਤੇ ਲਗਭਗ ੫੨੨ ਵਾਰੀ ਆਇਆ ਹੈ। ਜੇਕਰ, "ੴ ਸਤਿਗੁਰ ਪ੍ਰਸਾਦਿ", ਗੁਰੂ ਗਰੰਥ ਸਾਹਿਬ ਵਿਚ ਇਤਨੀ ਜਿਆਦਾ ਵਾਰੀ ਆਇਆ ਹੈ। ਤੇ ਉਹ ਵੀ ਸਿਰਲੇਖ ਦੇ ਤੌਰ ਤੇ ਆਇਆ ਹੈ, ਤਾਂ ਇਸ ਦਾ ਜਰੂਰ ਕੋਈ ਖਾਸ ਕਾਰਨ ਹੋ ਸਕਦਾ ਹੈ। ਜੇ ਕਰ ਧਿਆਨ ਨਾਲ ਵੇਖਿਆ ਜਾਵੇ ਤਾਂ ਸਾਫ ਪਤਾ ਲਗਦਾ ਹੈ ਕਿ "ੴ ਸਤਿਗੁਰ ਪ੍ਰਸਾਦਿ", ਅਕਾਲ ਪੁਰਖ ਦੀ ਪੂਰਨ ਪਰਿਭਾਸ਼ਾ, "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਦਾ ਸੰਖੇਪ ਰੂਪ ਹੈ। ਜਿਸ ਵਿਚ ਆਰੰਭਕ ਭਾਗ {ੴ ਸਤਿ} ਤੇ ਆਖਰੀ ਭਾਗ {ਗੁਰ ਪ੍ਰਸਾਦਿ} ਲਏ ਗਏ ਹਨ ਤੇ ਵਿਚਲਾ ਭਾਗ {ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ} ਨਹੀਂ ਲਿਆ ਗਿਆ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ, "ੴ ਸਤਿਗੁਰ ਪ੍ਰਸਾਦਿ", ਅਕਾਲ ਪੁਰਖ ਦੀ ਪੂਰਨ ਪਰਿਭਾਸ਼ਾ, "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" ਦਾ ਸੰਖੇਪ ਰੂਪ ਹੈ। ਜੇ ਕਰ ਇਹ ਸੰਖੇਪ ਰੂਪ ਹੈ ਤਾਂ ਗੁਰਸਿਖ ਲਈ ਇਸ ਦੀ ਬਹੁਤ ਮਹੱਤਤਾ ਹੈ। ਇਸ ਨੂੰ ਇਕ ਖਾਸ ਸਿਖਿਆ ਦੇ ਤੌਰ ਤੇ ਵੀ ਸਮਝ ਸਕਦੇ ਹਾਂ, ਕਿ ਜੇ ਕਰ ਅਕਾਲ ਪੁਰਖ ਨੂੰ ਮਿਲਣਾਂ ਚਾਹੁੰਦੇ ਹਾਂ ਤਾਂ ਉਹ ਸਤਿਗੁਰੂ ਦੀ ਕ੍ਰਿਪਾ ਦੁਆਰਾ ਹੀ ਸੰਭਵ ਹੋ ਸਕਦਾ ਹੈ, ਜਾਂ ਦੂਸਰੇ ਸਬਦਾਂ ਵਿਚ ਕਹਿ ਸਕਦੇ ਹਾਂ, ਕਿ ਇਸ ਸ੍ਰਿਸ਼ਟੀ ਦਾ ਕਰਤਾ, "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥", ਹੈ ਅਤੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਉਸ ਅਕਾਲ ਪੁਰਖ ਦਾ ਮਿਲਾਪ ਹੋ ਸਕਦਾ ਹੈ। ਇਸ ਲਈ ਅਜੇਹੀ ਬਾਰ ਬਾਰ ਦਿਤੀ ਗਈ ਸਿਖਿਆ, {ੴ ਸਤਿਗੁਰ ਪ੍ਰਸਾਦਿ} ਸਾਨੂੰ ਇਹੀ ਸਮਝਾਂਦੀ ਹੈ ਕਿ ਅਕਾਲ ਪੁਰਖ ਦੇ ਮਿਲਾਪ ਲਈ, ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਸਹਾਈ ਹੋ ਸਕਦੀ ਹੈ। ਇਸ ਲਈ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਅਕਾਲ ਪੁਰਖ ਬਾਰੇ ਖੋਜਣਾ ਪਵੇਗਾ। ਅਕਾਲ ਪੁਰਖ ਦਾ ਨਾਮੁ ਜਪਣ ਲਈ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ ਤੇ ਵੀਚਾਰਨੇ ਬਹੁਤ ਜਰੂਰੀ ਹਨ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹ ਕੇ, ਸਮਝ ਕੇ, ਤੇ ਆਪਨੇ ਅਮਲੀ ਜੀਵਨ ਵਿਚ ਅਪਨਾ ਕੇ, ਆਪਣਾ ਮਨੁੱਖਾ ਜੀਵਨ ਸਫਲ ਕਰ ਸਕਦੇ ਹਾਂ। ਇਹ ਫੈਸਲਾ ਸਾਨੂੰ ਆਪ ਕਰਨਾ ਹੈ ਕਿ, "ਅਕਾਲ ਪੁਰਖੁ" ਜਾਂ "ੴ ਸਤਿਗੁਰ ਪ੍ਰਸਾਦਿ", ਵਿਚੋਂ ਕਿਸ ਨੂੰ ਦੁਨਿਆਵੀ ਨਾਂ ਦੇ ਤੌਰ ਤੇ ਵਰਤਣਾ ਹੈ। "ਵਾਹਿਗੁਰੂ", ਲਫਜ ਗੁਰਬਾਣੀ ਵਿਚ ਕਦੇ ਵੀ ਅਕਾਲ ਪੁਰਖੁ ਦੇ ਨਾਂ ਲਈ ਨਹੀਂ ਵਰਤਿਆ ਗਿਆ ਹੈ। "ੴ ਸਤਿਗੁਰ ਪ੍ਰਸਾਦਿ", ਵਿਚ ੩+੨ = ੫, ਲਫਜ ਆਉਂਦੇ ਹਨ, ਜਿਹੜਾ ਕਿ ਆਮ ਵਰਤੋਂ ਵਿਚ ਬੋਲਣਾ ਔਖਾ ਪੈਂਦਾ ਹੈ। "ਅਕਾਲ ਪੁਰਖੁ", ਵਿਚ ੨ ਲਫਜ ਆਉਂਦੇ ਹਨ, ਜਿਹੜਾ ਕਿ ਆਸਾਨੀ ਨਾਲ ਬੋਲਿਆ ਜਾ ਸਕਦਾ ਹੈ। ਦੁਨਿਆਵੀ ਤੌਰ ਤੇ, "ਅਕਾਲ ਪੁਰਖੁ" ਨਾਂ ਨੂੰ ਬੋਲਣਾ ਆਸਾਨ ਹੈ, ਇਸ ਲਈ ਇਹ ਵਰਤਣ ਲਈ ਜਿਆਦਾ ਪਰਚਲਤ ਹੋ ਸਕਦਾ ਹੈ, ਪਰੰਤੂ ਉਚਿਤ ਇਹੀ ਹੈ, ਜੇ ਕਰ ਅਸੀਂ, "ੴ ਸਤਿਗੁਰ ਪ੍ਰਸਾਦਿ", ਪਰਚਲਤ ਕਰ ਸਕੀਏ।

ਭੱਟ ਕਲ੍ਯ਼ਸਹਾਰ ਜੀ, ਗੁਰੂ ਅਮਰਦਾਸ ਸਾਹਿਬ ਸਬੰਧੀ ਜਿਕਰ ਕਰਦੇ ਹੋਏ ਲਿਖਦੇ ਹਨ, ਕਿ ਗੁਰੂ ਅਮਰਦਾਸ ਲਈ ਨਾਮੁ ਹੀ ਤੀਰਥ ਇਸ਼ਨਾਨ ਹੈ, ਨਾਮੁ ਹੀ ਸਭ ਤੋਂ ਉਤਮ ਰਸ ਹੈ, ਨਾਮੁ ਹੀ ਖਾਣ ਲਈ ਭੋਜਨ ਹੈ, ਨਾਮੁ ਹੀ ਪੀਣ ਲਈ ਅੰਮ੍ਰਿਤ ਹੈ, ਨਾਮੁ ਦਾ ਰਸ ਹੀ ਉਨ੍ਹਾਂ ਨੂੰ ਉਤਸ਼ਾਹ ਦੇਣ ਵਾਲਾ ਹੈ ਅਤੇ ਨਾਮੁ ਹੀ ਉਨ੍ਹਾਂ ਦੇ ਮੁਖ ਵਿਚ ਮਿੱਠੇ ਬਚਨ ਹਨ। ਗੁਰੂ ਅੰਗਦ ਸਾਹਿਬ ਧੰਨ ਹਨ, ਜਿਨ੍ਹਾਂ ਨੂੰ ਗੁਰੂ ਅਮਰਦਾਸ ਸਾਹਿਬ ਨੇ ਸੇਵਿਆ ਹੈ ਅਤੇ ਜਿਨ੍ਹਾਂ ਦੀ ਕ੍ਰਿਪਾ ਨਾਲ ਉਨ੍ਹਾਂ ਅਪਹੁੰਚ ਅਕਾਲ

ਪੁਰਖ ਦਾ ਭੇਤ ਸਮਝ ਲਿਆ ਹੈ। ਗੁਰੂ ਅਮਰਦਾਸ ਸਾਹਿਬ ਨੇ ਆਪਣੇ ਹਿਰਦੇ ਵਿਚ ਨਾਮੁ ਦਾ ਨਿਵਾਸ ਪ੍ਰਾਪਤ ਕਰਕੇ ਕਈ ਕੁਲਾਂ ਤਾਰ ਦਿੱਤੀਆਂ। ਕਵੀ ਕਲ´ਸਹਾਰ ਜੀ ਆਖਦੇ ਹਨ, ਕਿ ਜਿਸ ਮਨੁੱਖ ਨੇ ਪ੍ਰਕਾਸ਼ ਸ੍ਰੂਪ ਗੁਰੂ ਅਮਰਦਾਸ ਜੀ ਨੂੰ ਪਰਸਿਆ ਹੈ, ਭਾਵ ਆਪਣਾ ਆਪ ਗੁਰੂ ਅੱਗੇ ਅਰਪਨ ਕਰ ਦਿਤਾ, ਉਸ ਮਨੁੱਖ ਦਾ ਇਹ ਜਨਮ ਸਫਲ ਹੋ ਗਿਆ।

ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਟ ਬਾਣੀ ॥ ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥ ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥ ਸਕਯਥੁ ਜਨਮੁ ਕਲ੍ਹੁਚਰੈ ਗੁਰੁ ਪਰਸ੍ਹਿਉ ਅਮਰ ਪ੍ਰਗਾਸੁ ॥੮॥ {੧੩੯੩, ੧੩੯੪}

ਜੇ ਇੱਕ ਜੀਭ ਤੋਂ ਲੱਖ ਜੀਭਾਂ ਹੋ ਜਾਣ, ਅਤੇ ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ, ਇਨ੍ਹਾਂ ਵੀਹ ਲੱਖ ਜੀਭਾਂ ਨਾਲ ਜੇ ਕਰ ਅਕਾਲ ਪੁਰਖ ਦੇ ਇਕ ਨਾਮੁ ਨੂੰ ਇਕ ਇਕ ਲੱਖ ਵਾਰੀ ਆਖੀਏ ਤਾਂ ਵੀ ਕੂੜੇ ਮਨੁੱਖ ਦੀ ਇਹ ਕੂੜੀ ਹੀ ਗੱਪ ਹੈ। ਇਸ ਗਿਣਤੀ ਨੂੰ ਵੇਖੀਏ ਤਾਂ ਇਹ ਗਿਣਤੀ ੦.੨ ਅਸੰਖ {$10^5$ x 2 x $10^5$ x $10^5$ = $2x10^{16}$} ਬਣ ਜਾਂਦੀ ਹੈ। ਜੇ ਕਰ ਇਕ ਸਕਿੰਟ ਵਿਚ ਇਕ ਵਾਰੀ ਨਾਂ ਲਿਆ ਜਾਵੇਂ ਤਾਂ ਇਹ ਗਿਣਤੀ ਪੂਰੀ ਕਰਨ ਲਈ 6.338E+08 {$6.338x10^8$} ਸਾਲ ਚਾਹੀਦੇ ਹਨ। ਜਦੋਂ ਕਿ ਆਮ ਮਨੁੱਖ ਦੀ ਉਮਰ ਵੱਧ ਤੋਂ ਵੱਧ ੧੦੦ ਸਾਲ ਹੋ ਸਕਦੀ ਹੈ ਤੇ ਔਸਤਨ ਤਾਂ ੫੦/੬੦ ਸਾਲ ਦੇ ਕਰੀਬ ਹੀ ਹੁੰਦੀ ਹੈ। ਇਸ ਲਈ ਅਜੇਹੀ ਗਿਣਤੀ ਇਕ ਕ੍ਰੋੜ ਜਨਮਾਂ ਵਿਚ ਵੀ ਪੂਰੀ ਕਰਨੀ ਮੁਸ਼ਕਲ ਹੈ। ਅੱਜਕਲ ਆਮ ਤੌਰ ਤੇ ਕਿਸੇ ਇਕ ਅੱਖਰ ਨੂੰ ਬਾਰ ਬਾਰ ਬੋਲ ਕੇ ਨਾਮੁ ਸਿਮਰਨ ਕਰਨ ਤੇ ਕਹਿਣ ਦਾ ਰਿਵਾਜ ਪਈ ਜਾ ਰਿਹਾ ਹੈ, {ਏਕਾ ਸਬਦੀ}, ਜੋ ਕਿ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ।

ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ {੬੫੪}

ਹੁਣ ਜੇ ਮਨੁੱਖ ਇਹ ਖ਼ਿਆਲ ਕਰੇ ਕਿ ਮੈਂ ਆਪਣੇ ਉੱਦਮ ਦੇ ਆਸਰੇ ਇਸ ਤਰ੍ਹਾਂ ਪਰਚਾਰੇ ਜਾ ਰਹੇ ਨਾਂ ਨੂੰ ਸਿਮਰ ਕੇ ਅਕਾਲ ਪੁਰਖ ਨੂੰ ਪਾ ਸਕਦਾ ਹਾਂ, ਤਾਂ ਇਹ ਉਸ ਦਾ ਝੂਠਾ ਹੰਕਾਰ ਹੈ। ਅਕਾਲ ਪੁਰਖ ਨਾਲੋਂ ਵਿੱਥ ਦੂਰ ਕਰਨ ਵਾਲੇ ਰਸਤੇ ਵਿਚ, ਭਾਵ ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਨ੍ਹਾਂ ਉੱਤੇ ਆਪਾ ਭਾਵ ਗਵਾ ਕੇ ਹੀ ਚੜ੍ਹ ਸਕਦੇ ਹਾਂ। ਇਸ ਲਈ ਆਪਣਾ ਆਪ ਗਵਾ ਕੇ ਗੁਰੂ ਅੱਗੇ ਅਰਪਨ ਕਰਨਾ ਪਵੇਗਾ, "ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ", ਵਾਲੀ ਅਵਸਥਾ ਬਣਾਉਂਣੀ ਪਵੇਗੀ। ਆਪਣੇ ਆਪ ਨੂੰ ਸਬਦ ਗੁਰੂ ਦੁਆਰਾ ਅਕਾਲ ਪੁਰਖ ਨਾਲ ਅਭੇਦ ਕਰਨਾ ਪਵੇਗਾ। ਗਿਣਤੀ ਵਾਲੇ ਸਿਮਰਨ ਕਰਨ ਨਾਲ ਕੁਝ ਨਹੀਂ ਬਣਨਾ। ਆਪਾ ਭਾਵ ਦੂਰ ਕਰਨ ਤੋਂ ਬਿਨਾ ਇਹ ਗਿਣਤੀ ਦੇ ਪਾਠਾਂ ਵਾਲਾ ਉੱਦਮ ਇਸ ਤਰ੍ਹਾਂ ਹੈ, ਕਿ ਮਾਨੋ, ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਇਹ ਰੀਸ ਆ ਗਈ ਹੈ, ਕਿ ਅਸੀਂ ਵੀ ਆਕਾਸ਼ ਤੇ ਪਹੁੰਚ ਸਕਦੀਆਂ ਹਾਂ। ਜੇ ਕਰ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲ ਸਕਦੇ ਹਾਂ, ਨਹੀਂ ਤਾਂ ਕੂੜੇ ਮਨੁੱਖ ਦੀ ਆਪਣੇ ਆਪ ਦੀ ਨਿਰੀ ਕੂੜੀ ਹੀ ਵਡਿਆਈ ਹੈ, ਕਿ ਮੈਂ ਸਿਮਰਨ ਕਰ ਰਿਹਾ ਹਾਂ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥ {੭}

ਨਾਮੁ ਮਾਰਕੀਟ ਦੀ ਸਬਜੀ ਦੀ ਤਰ੍ਹਾਂ ਨਹੀਂ ਹੈ, ਜਿਸ ਤਰ੍ਹਾਂ ਕਿ ਇਹ ਅੱਜਕਲ ਪਰਚਾਰਿਆ ਜਾ ਰਿਹਾ ਹੈ। ਇਹ ਸਬਜੀ ਦੀ ਤਰ੍ਹਾਂ ਪੈਸੇ ਦੇ ਕੇ ਇਕੱਠਾ ਨਹੀਂ ਕੀਤਾ ਜਾ ਸਕਦਾ ਹੈ। ਅਖੰਡ ਪਾਠ ਜਾਂ ਅਰਦਾਸ ਲਈ ਪੈਸੇ ਦੇ ਦਿਉ ਤੇ ਤੁਹਾਡੀ ਹੋ ਗਈ, ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਕਿ ਰੋਟੀ ਕੋਈ ਹੋਰ ਖਾਵੇ ਤੇ ਪੇਟ ਕਿਸੇ ਹੋਰ ਦਾ ਭਰ ਜਾਵੇ। ਪਾਠ ਕੋਈ ਹੋਰ ਕਰੇ ਜਾਂ ਸੁਣੇ ਤੇ ਫਾਇਦਾ ਕਿਸੇ ਹੋਰ ਨੂੰ ਹੋ ਜਾਵੇ। ਜਿਨੀ ਦੇਰ ਤਕ ਬਾਣੀ ਸੁਣੀ ਨਹੀਂ, ਅੰਦਰ ਗਈ ਨਹੀਂ, ਮਨ ਨਾਲ ਸਮਝੀ ਨਹੀਂ, ਮਨ ਵਿਚ ਬਦਲਾਵ ਨਹੀਂ ਆਇਆ, ਉਤਨੀ ਦੇਰ ਤਕ ਲਾਭ ਕਿਸ ਤਰ੍ਹਾ ਹੋ ਸਕਦਾ ਹੈ। ਇਸ ਲਈ ਆਪਣੀ ਮਨ ਦੀ ਅਵਸਥਾ, ਸੋਚ, ਤੇ ਕਰਮ ਗੁਰਮਤਿ ਅਨੁਸਾਰ ਕਰਨੇ ਹਨ। ਗੁਰਬਾਣੀ ਅਨੁਸਾਰ ਹੁਕਮੁ ਨੂੰ ਸਮਝ ਕੇ ਉਸ ਅਨੁਸਾਰ ਚਲਣਾ ਹੈ।

"ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ" {੨੮੬}

ਕੋਈ ਮਨੁੱਖ ਅਕਾਲ ਪੁਰਖ ਦਾ ਨਾਂ 'ਰਾਮ ਰਾਮ' ਕਰਕੇ ਉਚਾਰਦਾ ਹੈ, ਕੋਈ ਉਸ ਨੂੰ 'ਖ਼ੁਦਾ ਖ਼ੁਦਾ' ਕਰਕੇ ਆਖਦਾ ਹੈ। ਕੋਈ ਮਨੁੱਖ ਉਸ ਨੂੰ 'ਗੋਸਾਈਂ' ਆਖ ਕੇ ਉਸ ਦੀ ਭਗਤੀ ਕਰਦਾ ਹੈ, ਕੋਈ 'ਅੱਲਾ' ਆਖ ਕੇ ਬੰਦਗੀ ਕਰਦਾ ਹੈ। ਸਾਰੇ ਜਗਤ ਦਾ ਮੂਲ, ਸਾਰੇ ਜਗਤ ਦੀ ਰਚਨਾ ਕਰਨ ਵਾਲਾ, ਸਾਰਿਆਂ ਨੂੰ ਬਖ਼ਸ਼ਿਸ਼ਾਂ ਦੇਣ ਵਾਲਾ, ਸਾਰਿਆਂ ਤੇ ਕਿਰਪਾ ਕਰਨ ਵਾਲਾ,

ਸਾਰਿਆਂ ਤੇ ਰਹਿਮ ਕਰਨ ਵਾਲਾ ਤਾਂ ਉਹ ਅਕਾਲ ਪੁਰਖ ਸਿਰਫ ਇਕ ਹੀ ਹੈ। ਮਨੁਖਾਂ ਨੇ ਆਪੋ ਆਪਣੀਆਂ ਧਾਰਮਕ ਪੁਸਤਕਾਂ ਤੇ ਬੋਲੀਆਂ ਅਨੁਸਾਰ, ਉਸ ਇਕ ਅਕਾਲ ਪੁਰਖ ਦੇ ਵੱਖਰੇ ਵੱਖਰੇ ਨਾਂ ਰੱਖੇ ਹੋਏ ਹਨ, ਪਰੰਤੂ ਉਹ ਤਾਂ ਸਭ ਦਾ ਸਾਂਝਾ ਹੈ। ਕੋਈ ਮਨੁੱਖ ਕਿਸੇ ਤੀਰਥ ਉਤੇ ਇਸ਼ਨਾਨ ਕਰਦਾ ਹੈ, ਕੋਈ ਮਨੁੱਖ ਮੱਕੇ ਹੱਜ ਕਰਨ ਵਾਸਤੇ ਜਾਂਦਾ ਹੈ। ਕੋਈ ਮਨੁੱਖ ਉਸ ਦੀ ਮੂਰਤੀ ਬਣਾ ਕੇ ਪੂਜਾ ਕਰਦਾ ਹੈ, ਕੋਈ ਸਿਰ ਨਿਵਾਅ ਕੇ ਨਮਾਜ਼ ਪੜ੍ਹਦਾ ਹੈ। ਕੋਈ ਹਿੰਦੂ ਵੇਦ ਪੁਰਾਨ ਆਦਿ ਧਾਰਮਕ ਪੁਸਤਕ ਪੜ੍ਹਦਾ ਹੈ, ਕੋਈ ਮੁਸਲਮਾਨ ਕੁਰਾਨ ਅੰਜੀਲ ਆਦਿ ਪੜ੍ਹਦਾ ਹੈ। ਕੋਈ ਮੁਸਲਮਾਨ ਹੋ ਕੇ ਨੀਲੇ ਕਪੜੇ ਪਹਿਨਦਾ ਹੈ, ਕੋਈ ਹਿੰਦੂ ਚਿੱਟੇ ਕਪੜੇ ਪਾਂਦਾ ਹੈ। ਕੋਈ ਮਨੁੱਖ ਆਪਣੇ ਆਪ ਨੂੰ ਮੁਸਲਮਾਨ ਆਖਦਾ ਹੈ, ਤੇ ਕੋਈ ਆਪਣੇ ਆਪ ਨੂੰ ਹਿੰਦੂ ਕਹਿੰਦਾ ਹੈ। ਕੋਈ ਮਨੁੱਖ ਅਕਾਲ ਪੁਰਖ ਪਾਸੋਂ ਬਹਿਸ਼ਤ ਮੰਗਦਾ ਹੈ, ਤੇ ਕੋਈ ਸਵਰਗ ਮੰਗਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ ਜਿਸ ਮਨੁੱਖ ਨੇ ਅਕਾਲ ਪੁਰਖ ਦਾ ਹੁਕਮੁ ਪਛਾਣ ਲਿਆ, ਉਹ ਸਭ ਦੇ ਮਾਲਕ ਅਕਾਲ ਪੁਰਖ ਦਾ ਭੇਦ ਪਾ ਲੈਂਦਾ ਹੈ, ਕਿ ਉਸ ਨੂੰ ਕਿਵੇਂ ਪਾਇਆ ਜਾ ਸਕਦਾ ਹੈ।

ਰਾਮਕਲੀ ਮਹਲਾ ੫ ॥ ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥ ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥ ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ {੮੮੫}

ਇਸ ਲਈ ਅਕਾਲ ਪੁਰਖ ਨੂੰ ਕਿਸੇ ਖਾਸ ਭਾਸ਼ਾ ਦੇ ਆਪਣੇ ਬਣਾਏ ਗਏ ਅੱਖਰਾਂ ਨਾਲ ਕਿਸ ਤਰ੍ਹਾਂ ਪਾਇਆ ਜਾਂ ਸਕਦਾ ਹੈ। ਅਕਾਲ ਪੁਰਖ ਨੂੰ ਕਿਸੇ ਵੀ ਧਰਮ, ਭਾਸ਼ਾ ਜਾਂ ਲਿਬਾਸ ਵਾਲਾ ਪਾ ਸਕਦਾ ਹੈ, ਪਰੰਤੂ ਲੋੜ ਹੈ ਉਸ ਦੇ ਹੁਕਮੁ ਨੂੰ ਪਛਾਨਣਾ ਦੀ।

ਸਲੋਕ ਮ: ੩ ॥ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥ {੮੫੩}

ਗੁਰੂ ਸਾਹਿਬ ਸਮਝਾਂਦੇ ਹਨ, ਕਿ ਗੋਬਿੰਦ ਦਾ ਨਾਮੁ ਜਪਿਆ ਕਰ, ਸੋਹਣੇ ਗੋਪਾਲ ਦਾ ਨਾਮੁ ਜਪਿਆ ਕਰ, ਅਕਾਲ ਪੁਰਖ ਦਾ ਨਾਮੁ ਯਾਦ ਕਰਿਆ ਕਰ। ਜਿਉਂ ਜਿਉਂ ਉਸ ਅਕਾਲ ਪੁਰਖ ਦਾ ਨਾਮੁ ਆਪਣੇ ਹਿਰਦੇ ਵਿਚ ਰੱਖੇਗਾ, ਤੈਨੂੰ ਉੱਚਾ ਆਤਮਕ ਜੀਵਨ ਮਿਲਦਾ ਰਹੇਗਾ। ਭਿਆਨਕ ਆਤਮਕ ਮੌਤ ਤੇਰੇ ਆਤਮਕ ਜੀਵਨ ਨੂੰ ਫਿਰ ਕਦੇ ਮੁਕਾ ਨਹੀਂ ਸਕੇਗੀ। ਧਿਆਨ ਵਿਚ ਰੱਖ ਕਿ ਅਨੇਕਾਂ ਕਿਸਮਾਂ ਦੇ, ਕ੍ਰੋੜਾਂ ਹੀ ਜਨਮਾਂ ਦੇ ਭਰਮਾਂ ਵਿਚ ਭਟਕ ਭਟਕ ਕੇ ਹੁਣ ਤੂੰ ਮਨੁੱਖਾ ਜਨਮ ਵਿਚ ਆਇਆ ਹੈ, ਤੇ, ਇਥੇ ਵੱਡੀ ਕਿਸਮਤ ਨਾਲ ਤੈਨੂੰ ਗੁਰੂ ਦਾ ਸਾਥ ਮਿਲ ਗਿਆ ਹੈ। ਗੁਰੂ ਸਾਹਿਬ ਸੁਚੇਤ ਕਰ ਰਹੇ ਹਨ ਕਿ ਪੂਰੇ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਅਨੇਕਾਂ ਜੂਨਾਂ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ। ਇਸ ਲਈ ਸਬਦ ਗੁਰੂ ਦੀ ਸਮਝਾਈ ਹੋਈ ਵੀਚਾਰ ਨੂੰ ਆਪਣੇ ਜੀਵਨ ਵਿਚ ਅਪਨਾ ਲੈ।

ਰਾਮਕਲੀ ਮਹਲਾ ੫ ॥ ਜਪਿ ਗੋਬਿੰਦੁ ਗੋਪਾਲ ਲਾਲੁ ॥ ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥੧॥ ਰਹਾਉ ॥ ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ ॥ ਬਡੈ ਭਾਗਿ ਸਾਧਸੰਗੁ ਪਾਇਓ ॥੧॥ ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥ {੮੮੫, ੮੮੬}

ਜਿਹੜਾ ਮਨੁੱਖ ਸਤਿਗੁਰੂ ਦੀ ਦਿਤੀ ਹੋਈ ਮੱਤ ਨਾਲ ਆਪਣੇ ਆਪ ਨੂੰ ਬਾਰ ਬਾਰ ਖੋਜਦਾ ਹੈ, ਤੇ ਆਤਮਕ ਜੀਵਨ ਦੇਣ ਵਾਲਾ ਨਾਮੁ ਰੂਪੀ ਅੰਮ੍ਰਿਤ ਪੀਂਦਾ ਹੈ, ਉਸ ਵਿਚ ਦੂਸਰਿਆਂ ਦੀ ਵਧੀਕੀ ਸਹਾਰਨ ਦੀ ਹਿੰਮਤ ਆ ਜਾਂਦੀ ਹੈ, ਉਹ ਆਪਣਾ ਮਾਫ ਕਰਨ ਵਾਲਾ ਸੁਭਾਉ ਬਣਾ ਲੈਂਦਾ ਹੈ, ਤੇ ਉਹ ਆਪਣਾ ਮਨ ਆਪਣੇ ਸਤਿਗੁਰੂ ਵਿਚ ਲੀਨ ਕਰ ਲੈਂਦਾ ਹੈ। ਫਿਰ ਹਰ ਕੋਈ ਅਜੇਹੇ ਮਨੁੱਖ ਦੇ ਖਰੇ ਤੇ ਸੁੱਚੇ ਜੀਵਨ ਦੀ ਸਲਾਘਾ ਕਰਦਾ ਹੈ, ਉਹ ਸਦਾ ਲਈ ਸੁੱਚਾ ਤੇ ਸ੍ਰੇਸ਼ਟ ਮਨੁੱਖ ਬਣ ਜਾਂਦਾ ਹੈ। ਪਰੰਤੂ ਜਿਹੜੇ ਜੀਵ ਦੁਨੀਆਂ ਦੇ ਭੋਗ ਭੋਗਦੇ ਰਹਿੰਦੇ ਹਨ, ਉਨ੍ਹਾਂ ਦਾ ਆਤਮਕ ਜੀਵਨ ਮਰ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ ਨਾਮੁ ਰੂਪੀ ਅੰਮ੍ਰਿਤ ਦੀ ਸੋਝੀ ਨਹੀਂ ਹੁੰਦੀ। ਪਰੰਤੂ ਜਦੋਂ ਉਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਦੇ ਸਬਦ ਦੀ ਸੋਝੀ ਆ ਜਾਂਦੀ ਹੈ ਤੇ ਉਹ ਸਬਦ ਗੁਰੂ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ, ਤਾਂ ਉਹ ਇਕ ਅੱਖ ਦੀ ਝਮਕ ਵਿਚ ਆਪਣੇ ਹਉਮੈ ਨੂੰ ਮਾਰ ਲੈਂਦੇ ਹਨ। ਮਨ ਦਾ ਆਪਾ ਭਾਵ ਮਰਨ ਕਰਕੇ, ਉਨ੍ਹਾਂ ਦਾ ਮਨ ਅਡੋਲ ਹੋ ਜਾਂਦਾ ਹੈ, ਕਾਮ ਕ੍ਰੋਧ ਆਦਿ ਤੋਂ ਛੁਟਕਾਰਾ ਮਿਲ ਜਾਂਦਾ ਹੈ ਤੇ ਉਨ੍ਹਾਂ ਦੇ ਮਨ ਵਿਚ ਖ਼ੁਸ਼ੀ ਪੈਦਾ

ਹੋ ਜਾਂਦੀ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ ਇਹ ਸਭ ਕੁਝ ਸਤਿਗੁਰੂ ਦੀ ਮੇਹਰ ਸਦਕਾ ਅਕਾਲ ਪੁਰਖ ਦੇ ਨਾਮੁ ਨਾਲ ਡੂੰਘੀ ਸਾਂਝ ਪਾਣ ਨਾਲ ਹੀ ਸੰਭਵ ਹੁੰਦਾ ਹੈ।

ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥ ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥ ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥ ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥ {੯੩੨}

ਇਸ ਲਈ ਮਨੁੱਖਾ ਜੀਵਨ ਦੇ ਸਫ਼ਰ ਲਈ ਅਕਾਲ ਪੁਰਖ ਦੇ ਨਾਮੁ ਸਿਮਰਨ ਦਾ ਸੋਹਣਾ ਜਿਹਾ ਬੇੜਾ ਤਿਆਰ ਕਰ, ਜਿਸ ਵਿਚ ਬੈਠ ਕੇ ਇਸ ਸੰਸਾਰ ਰੂਪੀ ਸਮੁੰਦਰ ਵਿਚੋਂ ਛੇਤੀ ਪਾਰ ਲੰਘ ਸਕੇਂਗਾ। ਸਿਮਰਨ ਦੀ ਬਰਕਤ ਨਾਲ ਤੇਰੇ ਜੀਵਨ ਦਾ ਰਸਤਾ ਸੌਖਾ ਹੋ ਜਾਇਗਾ, ਤੇਰੇ ਰਸਤੇ ਵਿਚ ਨਾ ਇਹ ਸੰਸਾਰ ਰੂਪੀ ਸਰੋਵਰ ਆਵੇਗਾ ਤੇ ਨਾ ਹੀ ਸੰਸਾਰ ਦਾ ਮੋਹ ਉਛਾਲੇ ਮਾਰੇਗਾ। ਅਕਾਲ ਪੁਰਖ ਦਾ ਨਾਮੁ ਹੀ ਸੋਹਣਾ ਮਜੀਠ ਵਰਗਾ ਹੈ, ਜਿਸ ਦੇ ਪੱਕੇ ਰੰਗ ਨਾਲ ਮੇਰੇ ਆਤਮਕ ਜੀਵਨ ਦਾ ਚੋਲਾ ਰੰਗਿਆ ਗਿਆ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ, ਮਨੁੱਖਾ ਜੀਵਨ ਦਾ ਸਫ਼ਰ ਕਰ ਰਹੇ ਪਿਆਰੇ ਪਾਂਧੀ! ਕੀ ਤੈਨੂੰ ਪਤਾ ਹੈ ਕਿ ਅਕਾਲ ਪੁਰਖ ਨਾਲ ਮਿਲਾਪ ਕਿਵੇਂ ਹੁੰਦਾ ਹੈ? ਇਸ ਲਈ ਧਿਆਨ ਵਿਚ ਰੱਖ, ਜੇ ਕਰ ਪੱਲੇ ਗੁਣ ਹੋਣਗੇ ਤਾਂ ਉਹ ਅਕਾਲ ਪੁਰਖ ਆਪ ਹੀ ਆਪਣੇ ਨਾਲ ਮਿਲਾ ਲਏਗਾ। ਜਿਹੜਾ ਜੀਵ ਅਕਾਲ ਪੁਰਖ ਦੇ ਚਰਨਾਂ ਵਿਚ ਇਕ ਵਾਰੀ ਜੁੜ ਜਾਏ, ਅਤੇ ਜੇ ਉਹ ਸਚ ਮੁਚ ਦਿਲੋਂ ਮਿਲਿਆ ਹੋਇਆ ਹੋਵੇ, ਤਾਂ ਫਿਰ ਉਹ ਕਦੇ ਵੀ ਅਕਾਲ ਪੁਰਖ ਦੇ ਮਿਲਾਪ ਨਾਲੋਂ ਵਿਛੁੜਦਾ ਨਹੀਂ। ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ, ਉਸ ਨੂੰ ਹਰ ਥਾਂ ਉਹ ਸਦਾ ਥਿਰ ਰਹਿੰਣ ਵਾਲਾ ਅਕਾਲ ਪੁਰਖ ਹੀ ਦਿਖਾਈ ਦੇਂਦਾ ਹੈ। ਜਿਸ ਜੀਵ ਨੇ ਹਉਮੈ ਮਾਰ ਕੇ ਆਪਾ ਭਾਵ ਦੂਰ ਕਰ ਲਿਆ, ਉਹ ਆਪਣੇ ਆਪ ਲਈ ਅਜੇਹਾ ਨਾਮੁ ਰੂਪੀ ਚੋਲਾ ਤਿਆਰ ਕਰ ਲੈਂਦਾ ਹੈ, ਜਿਸ ਨਾਲ ਉਹ ਆਪਣਾ ਮਨੁੱਖਾ ਜਨਮ ਸੰਵਾਰ ਲੈਂਦਾ ਹੈ। ਸਤਿਗੁਰੂ ਦੇ ਬਚਨਾਂ ਤੇ ਤੁਰ ਕੇ ਉਸ ਨੂੰ ਫਲ ਵਜੋਂ ਆਪਣੇ ਖਸਮ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਦੇ ਅੰਮ੍ਰਿਤ ਰੂਪੀ ਬੋਲ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਨਾਲ ਉਸ ਦਾ ਆਤਮਕ ਜੀਵਨ ਸਫਲ ਹੋ ਜਾਂਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ, ਕਿ ਹੇ ਸਤਸੰਗੀ ਸਹੇਲੀਹੋ! ਸਤਿਗੁਰੂ ਦੇ ਬਚਨਾਂ ਅਨੁਸਾਰ ਚਲਣ ਨਾਲ ਅਕਾਲ ਪੁਰਖ ਬਹੁਤ ਪਿਆਰਾ ਲੱਗਣ ਲੱਗ ਪੈਂਦਾ ਹੈ, ਫਿਰ ਅਜੇਹਾ ਯਕੀਨ ਬਣਿਆ ਰਹਿੰਦਾ ਹੈ, ਕਿ ਅਸੀਂ ਖਸਮ ਦੀਆਂ ਗੋਲੀਆਂ ਹਾਂ, ਤੇ ਉਹ ਖਸਮ ਅਕਾਲ ਪੁਰਖ ਸਦਾ ਸਾਡੇ ਸਿਰ ਉਤੇ ਕਾਇਮ ਹੈ।

ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥ ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥ ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥ ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥ {੭੨੯}

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਜਿਥੇ ਅਕਾਲ ਪੁਰਖੁ ਦਾ ਨਾਮੁ ਹੁਕਮੁ ਹੈ, ਸਬਦ ਹੈ, ਸਚੁ ਹੈ, ਉਥੇ ਅਕਾਲ ਪੁਰਖੁ ਦਾ ਨਾਮੁ ਬਹੁਤ ਮਿਠਾ ਵੀ ਹੈ, ਅੰਤਿਅੰਤ ਰਸੁ ਵਾਲਾ ਹੈ, ਅੰਮ੍ਰਿਤ ਹੈ, ਤੇ ਨਿਰਮਲੁ ਜਲੁ ਦੀ ਤਰ੍ਹਾਂ ਵੀ ਹੈ। ਅਕਾਲ ਪੁਰਖੁ ਦਾ ਨਾਮੁ ਪੂਰੀ ਸ੍ਰਿਸ਼ਟੀ ਅੰਦਰ ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ।

- ਗੁਰੂ ਸਾਹਿਬਾਂ ਨੇ ਕੁਝ ਕੁ ਨਵੇਂ ਸਬਦ ਵਰਤੇ ਹਨ, ਬਾਕੀ ਬਹੁਤ ਸਾਰੇ ਸਬਦ ਉਸ ਸਮੇਂ ਚਲ ਰਹੀ ਭਾਸ਼ਾ ਦੇ ਹੀ ਲਏ ਹਨ।
- ਜਦੋਂ ਅਸੀਂ ਗੁਰਬਾਣੀ ਦੇ ਅਰਥ ਪੁਰਾਤਨ ਸ਼ਬਦਾਵਲੀ ਜਾਂ ਕਿਸੇ ਹੋਰ ਡਿਕਸ਼ਨਰੀ ਅਨੁਸਾਰ ਕਰਦੇ ਹਾਂ ਤਾਂ ਧੋਖਾ ਖਾਂ ਜਾਂਦੇ ਹਾਂ।
- ਨਾਮੁ, ਹੁਕਮੁ, ਸਚ, ਆਦਿ ਭਾਂਵੇ ਵੱਖਰੇ ਵੱਖਰੇ ਵਿਸ਼ੇ ਹਨ, ਪਰੰਤੂ ਇਨ੍ਹਾਂ ਦਾ ਆਪਸ ਵਿਚ ਸਬੰਧ ਵੀ ਹੈ।
- ਨਾਮੁ ਤੇ ਹੁਕਮੁ ਦੀ ਸੋਝੀ ਸਬਦ ਗੁਰੂ ਦੀ ਸੰਗਤਿ ਵਿੱਚ ਹੀ ਹੋ ਸਕਦੀ ਹੈ।
- ਸਾਰੀ ਸ੍ਰਿਸ਼ਟੀ ਵਿਚ, ਅਕਾਲ ਪੁਰਖ ਦਾ ਹੁਕਮੁ ਵੀ ਚੱਲ ਰਿਹਾ ਹੈ, ਨਾਮੁ ਵੀ ਵੱਜ ਰਿਹਾ ਹੈ, ਤੇ ਸਬਦ ਵੀ ਵਰਤ ਰਿਹਾ ਹੈ।
- ਗੁਰਬਾਣੀ ਵਿੱਚ ਸ੍ਰਿਸ਼ਟੀ ਦੀ ਰਚਨਾ, ਜਿਥੇ ਨਾਮੁ ਦੇ ਆਸਰੇ ਦੱਸੀ ਗਈ ਹੈ। ਉਥੇ ਕਈ ਸ਼ਬਦਾ ਵਿੱਚ ਉਹੀ ਰਚਨਾ ਹੁਕਮੁ ਅਨੁਸਾਰ ਹੁੰਦੀ ਕਿਹਾ ਗਿਆ ਹੈ।

- ਅਸਲੀ ਮਨੁੱਖ ਉਹੀ ਹੈ ਜੋ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ ਤੇ ਇਕ ਅਕਾਲ ਪੁਰਖ ਨਾਲ ਸਾਂਝ ਪਾਂਦਾ ਹੈ।
- ਗੁਰਬਾਣੀ ਅਨੁਸਾਰ ਨਾਮੁ, ਹੁਕਮੁ, ਸਬਦ ਤੇ ਸਚੁ ਦਾ ਆਪਸੀ ਸਬੰਧ ਹੈ, ਇਨ੍ਹਾਂ ਵਿੱਚ ਜਿਆਦਾ ਅੰਤਰ ਨਹੀਂ।
- ਅਕਾਲ ਪੁਰਖੁ ਦਾ ਨਾਮੁ ਹੀ ਸਭ ਸੁਖਾਂ ਦਾ ਮੂਲ ਹੈ ਤੇ ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ।
- ਅਕਾਲ ਪੁਰਖ ਦਾ ਨਾਮੁ ਹੀ ਅੰਮ੍ਰਿਤ ਹੈ, ਜਿਹੜਾ ਕਿ ਸਬਦ ਗੁਰੂ ਦੀ ਸੰਗਤਿ ਵਿਚ ਰਹਿ ਕੇ ਆਪਣੇ ਅੰਦਰ ਵੇਖਿਆ ਜਾ ਸਕਦਾ ਹੈ।
- ਅਕਾਲ ਪੁਰਖ ਦਾ ਨਾਮੁ ਇਕ ਐਸਾ ਅੰਮ੍ਰਿਤ ਹੈ, ਜੋ ਮਿੱਠਾ ਹੈ, ਤੇ ਬੜੇ ਰਸ ਵਾਲਾ ਹੈ।
- ਗੁਰੂ ਦਾ ਸਬਦ ਬਹੁਤ ਜਿਆਦਾ ਰਸ ਵਾਲਾ ਹੈ ਤੇ ਮਿੱਠਾ ਹੈ, ਪਰੰਤੂ ਜਿਤਨਾ ਚਿਰ ਇਸ ਸਬਦ ਨੂੰ ਚੱਖਿਆ ਨਾ ਜਾਏ, ਇਸ ਦੇ ਸੁਆਦ ਦਾ ਪਤਾ ਨਹੀਂ ਲੱਗਦਾ।
- ਗੁਰੂ ਦਾ ਸਬਦ ਹੀ ਨਾਮੁ ਹੈ, ਤੇ ਸਬਦ ਦੁਆਰਾ ਹੀ ਅਕਾਲ ਪੁਰਖ ਦਾ ਨਾਮੁ ਰੂਪੀ ਅੰਮ੍ਰਿਤ ਪਾਇਆ ਜਾ ਸਕਦਾ ਹੈ।
- ਸਰੀਰਕ ਮੋਹ ਨੂੰ ਮਿਟਾਣ ਦਾ ਇੱਕੋ ਹੀ ਸ੍ਰੇਸ਼ਟ ਇਲਾਜ ਹੈ, ਉਹ ਹੈ ਅਕਾਲ ਪੁਰਖੁ ਦਾ ਨਾਮੁ ਰੂਪੀ ਅੰਮ੍ਰਿਤ, ਜੋ ਕਿ ਨਿਰਮਲ ਜਲ ਦੀ ਤਰ੍ਹਾਂ ਹੈ।
- ਅਕਾਲ ਪੁਰਖ ਦਾ ਨਾਮੁ ਹਰੇਕ ਸਰੀਰ ਵਿਚ ਗੁਪਤ ਰੂਪ ਵਿਚ ਮੌਜੂਦ ਹੈ, ਤੇ ਅਕਾਲ ਪੁਰਖ ਹਰੇਕ ਸਰੀਰ ਵਿਚ ਹਰ ਸਮੇਂ ਵਿਆਪਕ ਵੀ ਹੈ।
- ਕੋਈ ਮਨੁੱਖ ਅਕਾਲ ਪੁਰਖ ਦਾ ਨਾ ਤਾਂ ਲੇਖਾ ਕਰ ਸਕਦਾ ਹੈ ਤੇ ਨਾ ਹੀ ਉਸ ਨੂੰ ਆਪਣੇ ਵਰਤੇ ਜਾ ਰਹੇ ਅੱਖਰਾ ਦੇ ਅਧੀਨ ਜਾਂ ਸੀਮਿਤ ਕਰ ਸਕਦਾ ਹੈ, ਜਿਸ ਜਿਸ ਤਰ੍ਹਾਂ ਅਕਾਲ ਪੁਰਖ ਹੁਕਮੁ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ।
- ਅਕਾਲ ਪੁਰਖੁ ਅੱਖਰਾਂ ਦੇ ਅਧੀਨ ਨਹੀਂ ਹੈ, ਤੇ ਨਾ ਹੀ ਅਕਾਲ ਪੁਰਖੁ ਦੇ ਨਾਮੁ ਦਾ ਅੰਤ ਪਾਇਆ ਜਾ ਸਕਦਾ ਹੈ।
- ਅਕਾਲ ਪੁਰਖੁ ਨਾਲ ਸਬੰਧ ਸਬਦ ਗੁਰੂ ਦੁਆਰਾ ਦਿਤੀ ਗਈ ਸਿਖਿਆ ਨੂੰ ਪੜ੍ਹ ਕੇ, ਸੁਣ ਕੇ, ਅਮਲੀ ਜੀਵਨ ਵਿਚ ਅਪਨਾ ਕੇ, ਤੇ ਸਦੀਵੀ ਸਾਂਝ ਕਾਇਮ ਕਰਕੇ ਹੀ ਜੋੜਿਆ ਜਾ ਸਕਦਾ ਹੈ।
- ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।
- ਅਸੀਂ ਆਪਸੀ ਸਮਝ ਸਹੂਲਤ ਤੇ ਸਾਂਝ ਕਰਨ ਲਈ "ਅਕਾਲ ਪੁਰਖੁ" ਨਾਂ ਵਰਤ ਸਕਦੇ ਹਾਂ, ਜਿਸ ਤਰ੍ਹਾਂ ਕਿ ਗੁਰੂ ਸਾਹਿਬਾਂ ਨੇ ਵੀ ਗੁਰੂ ਗਰੰਥ ਸਾਹਿਬ ਵਿਚ ਵਰਤਿਆ ਹੈ।
- ਗੁਰੂ ਅਮਰਦਾਸ ਲਈ ਨਾਮੁ ਹੀ ਤੀਰਥ ਇਸ਼ਨਾਨ ਹੈ, ਨਾਮੁ ਹੀ ਸਭ ਤੋਂ ਉਤਮ ਰਸ ਹੈ, ਨਾਮੁ ਹੀ ਖਾਣ ਲਈ ਭੋਜਨ ਹੈ, ਨਾਮੁ ਹੀ ਪੀਣ ਲਈ ਅੰਮ੍ਰਿਤ ਹੈ, ਨਾਮੁ ਦਾ ਰਸ ਹੀ ਉਤਸ਼ਾਹ ਦੇਣ ਵਾਲਾ ਹੈ ਅਤੇ ਨਾਮੁ ਹੀ ਉਨ੍ਹਾਂ ਦੇ ਮੁਖ ਵਿਚ ਮਿੱਠੇ ਬਚਨ ਹਨ।
- ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਨ੍ਹਾਂ ਉੱਤੇ ਆਪਾ ਭਾਵ ਗਵਾ ਕੇ ਹੀ ਚੜ੍ਹ ਸਕਦੇ ਹਾਂ।
- ਆਪਾ ਭਾਵ ਦੂਰ ਕਰਨ ਤੋਂ ਬਿਨਾ ਇਹ ਗਿਣਤੀ ਦੇ ਪਾਠਾਂ ਵਾਲਾ ਉੱਦਮ ਇਸ ਤਰ੍ਹਾਂ ਹੈ, ਕਿ ਮਾਨੋ, ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਇਹ ਰੀਸ ਆ ਗਈ ਹੈ, ਕਿ ਅਸੀਂ ਵੀ ਆਕਾਸ਼ ਤੇ ਪਹੁੰਚ ਸਕਦੀਆਂ ਹਾਂ।
- ਆਪਣੇ ਮਨ ਦੀ ਅਵਸਥਾ, ਸੋਚ, ਤੇ ਕਰਮ ਗੁਰਮਤਿ ਅਨੁਸਾਰ ਕਰਨੇ ਹਨ, ਗੁਰਬਾਣੀ ਅਨੁਸਾਰ ਹੁਕਮੁ ਨੂੰ ਸਮਝ ਕੇ ਉਸ ਅਨੁਸਾਰ ਚਲਣਾ ਹੈ।
- ਜਿਸ ਮਨੁੱਖ ਨੇ ਅਕਾਲ ਪੁਰਖ ਦਾ ਹੁਕਮੁ ਪਛਾਣ ਲਿਆ ਹੈ, ਉਹ ਸਭ ਦੇ ਮਾਲਕ ਅਕਾਲ ਪੁਰਖ ਦਾ ਭੇਦ ਪਾ ਲੈਂਦਾ ਹੈ।
- ਜਿਹੜਾ ਮਨੁੱਖ ਸਤਿਗੁਰੂ ਦੀ ਦਿਤੀ ਹੋਈ ਮੱਤ ਨਾਲ ਆਪਣੇ ਆਪ ਨੂੰ ਬਾਰ ਬਾਰ ਖੋਜਦਾ ਹੈ, ਤੇ ਨਾਮੁ ਰੂਪੀ ਅੰਮ੍ਰਿਤ ਪੀਂਦਾ ਹੈ, ਉਹ ਆਪਣਾ ਮਨ ਆਪਣੇ ਸਤਿਗੁਰੂ ਵਿਚ ਲੀਨ ਕਰ ਲੈਂਦਾ ਹੈ।
- ਅਕਾਲ ਪੁਰਖ ਦਾ ਨਾਮੁ ਹੀ ਸੋਹਣਾ ਮਜੀਠ ਵਰਗਾ ਹੈ, ਜਿਸ ਦੇ ਪੱਕੇ ਰੰਗ ਨਾਲ ਆਤਮਕ ਜੀਵਨ ਦਾ ਚੋਲਾ ਰੰਗਿਆ ਜਾ ਸਕਦਾ ਹੈ।

- ਸਤਿਗੁਰੂ ਦੇ ਬਚਨਾਂ ਅਨੁਸਾਰ ਚਲਣ ਨਾਲ ਅਕਾਲ ਪੁਰਖ ਬਹੁਤ ਪਿਆਰਾ ਲੱਗਣ ਲੱਗ ਪੈਂਦਾ ਹੈ, ਫਿਰ ਅਜੇਹਾ ਯਕੀਨ ਬਣਿਆ ਰਹਿੰਦਾ ਹੈ, ਕਿ ਅਸੀਂ ਖਸਮ ਦੀਆਂ ਗੋਲੀਆਂ ਹਾਂ, ਤੇ ਉਹ ਖਸਮ ਅਕਾਲ ਪੁਰਖ ਸਦਾ ਸਾਡੇ ਸਿਰ ਉਤੇ ਕਾਇਮ ਹੈ।

ਗੁਰਬਾਣੀ ਅਨੁਸਾਰ ਅਕਾਲ ਪੁਰਖੁ ਦਾ ਨਾਮੁ ਹੁਕਮੁ ਹੈ, ਸਬਦ ਹੈ, ਸਚੁ ਹੈ, ਬਹੁਤ ਮਿਠਾ ਹੈ, ਰਸੁ ਵਾਲਾ ਹੈ, ਅੰਮ੍ਰਿਤ ਹੈ, ਨਿਰਮਲੁ ਜਲੁ ਦੀ ਤਰ੍ਹਾਂ ਹੈ, ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ। ਇਨ੍ਹਾਂ ਸਾਰੇ ਸਬਦਾ ਦੇ ਨਿਚੋੜ ਨੂੰ ਸਰਲ ਭਾਸ਼ਾ ਵਿਚ ਕਹਿ ਸਕਦੇ ਹਾਂ ਕਿ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਨਾਮੁ ਹੈ। ਜੇ ਕਰ ਅਸੀਂ ਨਾਮੁ ਨੂੰ ਸਮਝਣਾ ਤੇ ਪਾਣਾ ਚਾਹੁੰਦੇ ਹਾਂ ਤਾਂ ਸਾਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਹੀ ਖੋਜਣਾ ਪਵੇਗਾ।

ਗਉੜੀ ਮਹਲਾ ੫ ਮਾਂਝ ॥ ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥ {੨੧੮}

ਇਹ ਵੀ ਧਿਆਨ ਵਿਚ ਰੱਖਣਾਂ ਹੈ, ਕਿ ਗੁਰਬਾਣੀ ਨੂੰ ਰਵਾਇਤੀ ਤਰੀਕੇ ਨਾਲ ਪੜ੍ਹਨਾਂ, ਸੁਣਨਾਂ ਜਾਂ ਗਾਇਨ ਨਹੀਂ ਕਰਨਾ ਹੈ। ਬਲਕਿ ਪੂਰੀ ਤਰ੍ਹਾਂ ਧਿਆਨ ਨਾਲ ਸਮਝਣਾਂ, ਵੀਚਾਰਨਾਂ ਤੇ ਖੋਜਣਾਂ ਹੈ। ਗੁਰੂ ਨਾਨਕ ਸਾਹਿਬ ਨੇ ਕਿਸੇ ਵੀ ਤਰੀਕੇ ਦੀ ਰਵਾਇਤ ਪ੍ਰਵਾਨ ਨਹੀਂ ਕੀਤੀ ਹੈ ਤੇ ਨਾ ਹੀ ਕਿਸੇ ਤੀਰਥ ਅਸਥਾਨਾਂ ਤੇ ਜਾਂ ਕੇ ਇਸ਼ਨਾਨ ਕਰਨਾ ਪ੍ਰਵਾਨ ਕੀਤਾ ਹੈ, ਬਲਕਿ ਗੁਰਸਿਖ ਵਾਸਤੇ ਤੀਰਥ ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਹੈ। ਸਪੱਸ਼ਟ ਤੌਰ ਤੇ ਕਹਿ ਦਿੱਤਾ ਕਿ ਤੀਰਥੁ, ਅਕਾਲ ਪੁਰਖੁ ਦਾ ਨਾਮੁ ਹੀ ਹੈ ਤੇ ਗੁਰੂ ਦੇ ਸਬਦ ਦੀ ਵੀਚਾਰ ਦੁਆਰਾ ਅਕਾਲ ਪੁਰਖੁ ਦੇ ਗਿਆਨ ਨੂੰ ਆਪਣੇ ਹਿਰਦੇ ਵਿਚ ਟਿਕਾਣਾ ਹੀ ਅਸਲੀ ਤੀਰਥੁ ਇਸ਼ਨਾਨ ਹੈ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ {੬੮੭}

ਇਸ ਲਈ ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹ ਕੇ, ਸਮਝ ਕੇ, ਤੇ ਆਪਣੇ ਅਮਲੀ ਜੀਵਨ ਵਿਚ ਅਪਨਾ ਕੇ, ਅਕਾਲ ਪੁਰਖੁ ਦੇ ਨਾਮੁ ਨੂੰ ਸਮਝੀਏ ਤੇ ਆਪਣਾ ਮਨੁੱਖਾ ਜੀਵਨ ਸਫਲ ਕਰੀਏ।

"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫਤਿਹ"

{ ਡਾ: ਸਰਬਜੀਤ ਸਿੰਘ } {Dr. Sarbjit Singh}
ਆਰ ਐਚ ੧ / ਈ - ੮, ਸੈਕਟਰ - ੮, ਵਾਸ਼ੀ, ਨਵੀਂ ਮੁੰਬਈ - ੪੦੦੭੦੩.
RH1 / E-8, Sector-8, Vashi, Navi Mumbai - 400703.
Email = sarbjitsingh@yahoo.com,
Web = https://gurmat-research.com/
http://www.geocities.ws/sarbjitsingh
http://www.sikhmarg.com/article-dr-sarbjit.html